HIGH STANDARD NEWS

# ਹਾਈ ਸਟੈਂਡਰਡ ਨਿਊਜ਼

HIGHSTANDARDNEWS

Date 28.06.2024

www.hsnnews.in | PUNPUN/2024/86289 | President:-Shailzadwivedi | Email:info@hsnnews.in

Vol.11 | June 2024 | Published in Punjab | Pages 8



## ਸਵਿਫਟ ਕਾਰ ਦੀ ਛੱਤ ਤੇ ਬੋਨਟ 'ਤੇ ਬੈਠ 10-15 ਨੌਜਵਾਨ ਮਾਰ ਰਹੇ ਸੀ ਸਟੰਟ, ਵੀਡੀਓ ਸੋਸ਼ਲ ਮੀਡੀਆ 'ਤੇ ਹੋਈ ਵਾਇਰਲ

ਉੱਤਰ ਪ੍ਰਦੇਸ਼ ਦੇ ਮੁਜ਼ੱਫਰਨਗਰ ਜ਼ਿਲ੍ਹੇ 'ਚ ਇਕ ਵੀਡੀਓ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਹੋ ਰਹੀ ਹੈ। ਇਸ ਵੀਡੀਓ ਵਿਚ 10 ਤੋਂ 15 ਮੁੰਡੇ ਇਕ ਸਵਿਫਟ ਕਾਰ ਦੀ ਛੱਤ 'ਤੇ ਬੈਠ ਕੇ ਪਾਣੀਪਤ ਖਟੀਮਾ ਹਾਈਵੇ 'ਤੇ ਸਟੰਟ ਕਰਦੇ ਨਜ਼ਰ ਆ ਰਹੇ ਹਨ। ਦੱਸਿਆ ਜਾ ਰਿਹਾ ਹੈ ਕਿ ਇਹ ਘਟਨਾ ਦੋ ਦਿਨ ਪਹਿਲਾਂ ਟਿਟਾਵੀ ਥਾਣਾ ਖੇਤਰ 'ਚ ਸਥਿਤ ਜੱਗਹੇੜੀ ਟੋਲ ਪਲਾਜ਼ਾ 'ਤੇ ਵਾਪਰੀ ਸੀ। ਇਹ ਘਟਨਾ ਉੱਥੇ ਲੱਗੇ ਸੀਸੀਟੀਵੀ ਕੈਮਰੇ ਵਿੱਚ ਕੈਦ ਹੋ ਗਈ। ਜਿਸ ਨੂੰ ਬਾਅਦ 'ਚ ਸੋਸ਼ਲ ਮੀਡੀਆ 'ਤੇ ਵਾਇਰਲ ਕਰ ਦਿੱਤਾ ਗਿਆ।

ਇਹ ਵੀਡੀਓ ਵਾਇਰਲ ਹੋਣ 'ਤੇ ਪੁਲਸ ਵੀ ਹਰਕਤ 'ਚ ਆ ਗਈ ਅਤੇ ਇਸ ਮਾਮਲੇ 'ਚ 5 ਨਾਮੀ ਅਤੇ 15 ਅਣਪਛਾਤੇ ਨੌਜਵਾਨਾਂ ਖ਼ਿਲਾਫ਼ ਮਾਮਲਾ ਦਰਜ ਕਰਕੇ ਮੌਕੇ ਤੋਂ ਇਕ ਨੌਜਵਾਨ ਨੂੰ ਕਾਰ ਸਮੇਤ ਗ੍ਰਿਫ਼ਤਾਰ ਕਰ ਲਿਆ ਸੀ। ਦੱਸਿਆ ਜਾ ਰਿਹਾ ਹੈ ਕਿ ਜਦੋਂ ਟੋਲ ਪਲਾਜ਼ਾ ਮੁਲਾਜ਼ਮਾਂ ਨੇ ਕਾਰ 'ਤੇ ਸਟੰਟ ਦੌਰਾਨ ਇਨ੍ਹਾਂ ਨੌਜਵਾਨਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੇ ਟੋਲ ਮੁਲਾਜ਼ਮਾਂ ਨਾਲ ਦੁਰਵਿਵਹਾਰ ਕੀਤਾ ਅਤੇ ਟਰੱਕ ਡਰਾਈਵਰ ਦੀ ਕੁੱਟਮਾਰ ਵੀ ਕੀਤੀ। ਇਸ ਘਟਨਾ ਦੇ ਸਬੰਧ ਵਿਚ ਵਧੇਰੇ ਜਾਣਕਾਰੀ ਦਿੰਦੇ ਹੋਏ ਸੀਓ ਫੁਗਾਨਾ ਸੰਤ ਪ੍ਰਸਾਦ ਉਪਾਧਿਆਏ ਨੇ ਦੱਸਿਆ ਕਿ ਮਿਤੀ 25-06-2024 ਨੂੰ ਸ਼ਾਮ 7:30 ਵਜੇ ਦੇ ਕਰੀਬ ਮੁਜ਼ੱਫਰਨਗਰ ਸ਼ਾਮਲੀ ਹਾਈਵੇਅ 'ਤੇ ਜਗਾਹੇੜੀ ਟੋਲ ਪਲਾਜ਼ਾ, ਜੋ ਟਿਟਾਵੀ ਥਾਣੇ ਅਧੀਨ ਆਉਂਦਾ ਹੈ, ਕੋਲ ਇੱਕ ਨਵੀਂ ਚਿੱਟੇ ਰੰਗ ਦੀ ਸਵਿਫਟ ਕਾਰ 'ਤੇ ਬੈਠੇ 10-15 ਮੁੰਡੇ ਸਟੰਟ ਕਰਦੇ ਨਜ਼ਰ ਆ ਰਹੇ ਹਨ।

ਆਮ ਆਦਮੀ ਪਾਰਟੀ (ਆਪ) ਆਪਣੇ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਗ੍ਰਿਫਤਾਰੀ ਦੇ ਵਿਰੋਧ ਵਿਚ ਵੀਰਵਾਰ ਨੂੰ ਲੋਕ ਸਭਾ ਅਤੇ ਰਾਜ ਸਭਾ ਦੀ ਸਾਂਝੀ ਮੀਟਿੰਗ ਵਿਚ ਪ੍ਰਧਾਨ ਦ੍ਰੋਪਦੀ ਮੁਰਮੂ ਦੇ ਸੰਬੋਧਨ ਦਾ ਬਾਈਕਾਟ ਕਰੇਗੀ। 'ਆਪ' ਦੇ ਜਨਰਲ ਸਕੱਤਰ (ਸੰਗਠਨ) ਅਤੇ ਰਾਜ ਸਭਾ ਮੈਂਬਰ ਸੰਦੀਪ ਪਾਠਕ ਨੇ ਕੇਜਰੀਵਾਲ ਦੀ ਗ੍ਰਿਫਤਾਰੀ 'ਤੇ ਭਾਜਪਾ ਦੀ ਆਲੋਚਨਾ ਕੀਤੀ ਅਤੇ ਕਿਹਾ ਕਿ ਉਹ ਸੰਬੋਧਨ ਦਾ ਬਾਈਕਾਟ ਕਰਨਗੇ।ਕੇਂਦਰੀ ਜਾਂਚ ਬਿਊਰੋ (ਸੀ. ਬੀ. ਆਈ) ਨੇ ਆਬਕਾਰੀ ਨੀਤੀ ਘੁਟਾਲੇ ਦੀ ਜਾਂਚ ਦੇ ਸਬੰਧ 'ਚ ਬੁੱਧਵਾਰ ਨੂੰ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਨੂੰ ਗ੍ਰਿਫਤਾਰ ਕਰ ਲਿਆ। ਰਾਸ਼ਟਰਪਤੀ ਦ੍ਰੋਪਦੀ ਮੁਰਮੂ ਵੀਰਵਾਰ ਨੂੰ ਲੋਕ ਸਭਾ ਅਤੇ ਰਾਜ ਸਭਾ ਦੀ ਸਾਂਝੀ ਬੈਠਕ ਨੂੰ ਸੰਬੋਧਿਤ ਕਰੇਗੀ, ਜਿਸ ਵਿਚ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਨਵੀਂ ਚੁਣੀ ਗਈ ਸਰਕਾਰ ਦੀਆਂ ਤਰਜੀਹਾਂ ਨੂੰ ਅੱਗੇ ਰੱਖ ਸਕਦੀ ਹੈ।

ਕਾਰ ਦੀ ਛੱਤ ਅਤੇ ਬੋਨਟ 'ਤੇ ਬੈਠੇ ਸਾਰੇ ਨੌਜਵਾਨ ਟੋਲ ਪਲਾਜ਼ਾ ਨੇੜੇ ਘੁੰਮ ਰਹੇ ਸਨ। ਜਦੋਂ ਟੋਲ ਪਲਾਜ਼ਾ ਦੇ ਮੁਲਾਜ਼ਮਾਂ ਨੇ ਉਸ ਨੂੰ ਅਜਿਹਾ ਕਰਨ ਤੋਂ ਰੋਕਿਆ ਤਾਂ ਉਨ੍ਹਾਂ ਨੇ ਉਸ ਨਾਲ ਦੁਰਵਿਵਹਾਰ ਕੀਤਾ ਅਤੇ ਟਰੱਕ ਡਰਾਈਵਰ ਦੀ ਕੁੱਟਮਾਰ ਕੀਤੀ। ਟੋਲ ਪਲਾਜ਼ਾ ਦੇ ਮੁਲਾਜ਼ਮਾਂ ਨੇ ਇਸ ਸਬੰਧੀ ਪੁਲਸ ਨੂੰ ਸੂਚਿਤ ਕੀਤਾ, ਜਿਸ 'ਤੇ ਥਾਣਾ ਇੰਚਾਰਜ ਪੁਲਸ ਫੋਰਸ ਸਮੇਤ ਮੌਕੇ 'ਤੇ ਪਹੁੰਚ ਗਏ। ਪੁਲਸ ਨੂੰ ਦੇਖ ਕੇ ਸਾਰੇ ਕਾਰ ਛੱਡ ਕੇ ਭੱਜ ਗਏ ਅਤੇ ਮੌਕੇ ਤੋਂ ਸੁਸ਼ੀਲ ਪੁੱਤਰ ਆਰੀਆ ਨਾਂ ਦਾ ਮੁੰਡਾ ਫੜਿਆ ਗਿਆ। ਇਸ ਮਾਮਲੇ 'ਚ ਮੈਨੇਜਰ ਅਸ਼ੀਸ਼ ਰਾਏ ਦੀ ਸ਼ਿਕਾਇਤ 'ਤੇ 5 ਨਾਮੀ ਅਤੇ 15 ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕਰਕੇ ਵਾਹਨ ਜ਼ਬਤ ਕਰ ਲਿਆ ਗਿਆ ਹੈ। ਗੱਡੀ ਨੂੰ ਥਾਣੇ 'ਚ ਖੜ੍ਹਾ ਕਰ ਦਿੱਤਾ ਗਿਆ ਹੈ ਅਤੇ ਬਾਕੀ ਲੋਕਾਂ ਦੀ ਭਾਲ ਕਰਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

## ਕੈਂਟਰ ਬਿਆਸ ਦਰਿਆ 'ਚ ਡਿੱਗਿਆ, ਡਰਾਈਵਰ ਲਾਪਤਾ

ਹਿਮਾਚਲ ਪ੍ਰਦੇਸ਼ ਦੇ ਕੁੱਲੂ ਦੇ ਬਾਸ਼ਿੰਗ ਨੇੜੇ ਇਕ ਤੇਜ਼ ਰਫ਼ਤਾਰ ਕੈਂਟਰ ਬੇਕਾਬੂ ਹੋ ਕੇ ਬਿਆਸ ਦਰਿਆ 'ਚ ਡਿੱਗ ਗਿਆ। ਘਟਨਾ ਤੋਂ ਬਾਅਦ ਇਸ ਦਾ ਡਰਾਈਵਰ ਲਾਪਤਾ ਹੈ। ਪੁਲਸ ਨੇ ਮਾਮਲਾ ਦਰਜ ਕਰਕੇ ਡਰਾਈਵਰ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਪੁਲਸ ਅਨੁਸਾਰ ਨਵੀਨ ਕੁਮਾਰ ਵਾਸੀ ਅੱਪਰ ਨੌਹਾਲੀ ਜ਼ਿਲ੍ਹਾ ਮੰਡੀ ਨੇ ਪੁਲਸ ਨੂੰ ਦਿੱਤੇ ਬਿਆਨ ਵਿਚ ਕਿਹਾ ਕਿ ਬੀਤੀ ਰਾਤ ਸਵਾ 12 ਵਜੇ ਉਹ ਆਪਣੇ ਰੈਸਟੋਰੈਂਟ ਨੇੜੇ ਸੀ ਤਾਂ ਇਸ ਦੌਰਾਨ ਕੁੱਲੂ-ਮਨਾਲੀ ਸੜਕ 'ਤੇ ਉਨ੍ਹਾਂ ਧਮਾਕੇ ਦੀ ਆਵਾਜ਼ ਸੁਣੀ।

ਜਦੋਂ ਉਹ ਉਸ ਪਾਸੇ ਦੌੜੇ ਤਾਂ ਇਕ ਕੈਂਟਰ ਬੇਕਾਬੂ ਹੋ ਕੇ ਬਿਆਸ ਦਰਿਆ 'ਚ ਜਾ ਡਿੱਗਾ। ਉਨ੍ਹਾਂ ਤੁਰੰਤ ਇਸ ਦੀ ਸੂਚਨਾ ਪੁਲਸ ਨੂੰ ਦਿੱਤੀ। ਪੁਲਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ। ਐੱਸ. ਪੀ. ਡਾ. ਕਾਰਤੀਕੇਅਨ ਗੋਕੁਲ ਚੰਦਰਨ ਨੇ ਘਟਨਾ ਦੀ ਪੁਸ਼ਟੀ ਕੀਤੀ ਹੈ।



## ਭੋਲੇਨਾਥ ਦੇ ਜੈਕਾਰਿਆਂ ਨਾਲ ਅਮਰਨਾਥ ਯਾਤਰਾ ਲਈ ਪਹਿਲਾ ਜੱਥਾ ਰਵਾਨਾ



ਜੰਮੂ-ਕਸ਼ਮੀਰ ਦੇ ਉਪ ਰਾਜਪਾਲ ਮਨੋਜ ਸਿਨਹਾ ਨੇ ਸ਼ੁੱਕਰਵਾਰ ਸਵੇਰੇ ਭਗਵਤੀ ਨਗਰ ਸਥਿਤ ਯਾਤਰੀ ਨਿਵਾਸ ਆਧਾਰ ਕੈਂਪ ਤੋਂ ਅਮਰਨਾਥ ਯਾਤਰਾ ਲਈ 4,603 ਤੀਰਥ ਯਾਤਰੀਆਂ ਦੇ ਪਹਿਲੇ ਜੱਥੇ ਨੂੰ ਹਰੀ ਝੰਡੀ ਵਿਖਾ ਕੇ ਰਵਾਨਾ ਕੀਤਾ। ਸਿਨਹਾ ਨੇ ਰਿਵਾਇਤੀ ਪੂਜਾ ਅਤੇ ਭੋਲੇਨਾਥ ਦੇ ਜੈਕਾਰਿਆਂ ਨਾਲ ਪਹਿਲੇ ਜਥੇ ਨੂੰ ਰਵਾਨਾ ਕੀਤਾ। ਉਨ੍ਹਾਂ ਨੇ ਸਾਰੇ ਤੀਰਥ ਯਾਤਰੀਆਂ ਨੂੰ ਸੁਰੱਖਿਅਤ ਅਤੇ ਅਧਿਆਤਮਿਕ ਰੂਪ ਨਾਲ ਭਰਪੂਰ ਯਾਤਰਾ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਬਾਬਾ ਅਮਰਨਾਥ ਜੀ ਦਾ ਆਸ਼ੀਰਵਾਦ ਸਾਰਿਆਂ ਦੇ ਜੀਵਨ ਵਿਚ ਸ਼ਾਂਤੀ ਅਤੇ ਖੁਸ਼ਹਾਲੀ ਲੈ ਕੇ ਆਵੇ। ਵੈਦਿਕ ਮੰਤਰਾਂ ਦੇ ਜਾਪ ਦੌਰਾਨ ਸਖ਼ਤ ਸੁਰੱਖਿਆ ਪ੍ਰਬੰਧਾਂ ਦਰਮਿਆਨ 231 ਹਲਕੇ ਅਤੇ ਭਾਰੀ ਵਾਹਨਾਂ ਦੇ ਕਾਫਲੇ ਵਿਚ 4,603 ਸ਼ਰਧਾਲੂਆਂ ਦੇ ਪਹਿਲੇ ਜਥੇ ਨੂੰ ਭਗਵਤੀ ਨਗਰ ਜੰਮੂ ਆਧਾਰ ਕੈਂਪ ਤੋਂ ਪਵਿੱਤਰ ਗੁਫਾ ਲਈ ਰਵਾਨਾ ਕੀਤਾ ਗਿਆ। ਇਸ ਮੌਕੇ ਉੱਘੇ ਅਧਿਆਤਮਕ ਆਗੂ, ਧਾਰਮਿਕ ਸੰਸਥਾਵਾਂ ਦੇ ਮੁਖੀ, ਜਨਤਕ ਨੁਮਾਇੰਦੇ, ਸਿਵਲ ਪ੍ਰਸ਼ਾਸਨ, ਪੁਲਸ, ਸੁਰੱਖਿਆ ਬਲ ਅਤੇ ਸ਼੍ਰੀ ਅਮਰਨਾਥ ਸ਼੍ਰਾਈਨ ਬੋਰਡ ਦੇ ਸੀਨੀਅਰ ਅਧਿਕਾਰੀ, ਪਤਵੰਤੇ ਨਾਗਰਿਕ ਅਤੇ ਵੱਡੀ ਗਿਣਤੀ ਵਿਚ ਸ਼ਰਧਾਲੂ ਹਾਜ਼ਰ ਸਨ।ਦੱਸ ਦੇਈਏ ਕਿ 2024 ਵਿਚ ਅਮਰਨਾਥ ਯਾਤਰਾ 29 ਜੂਨ ਤੋਂ ਸ਼ੁਰੂ ਹੋਣ ਜਾ ਰਹੀ ਹੈ ਅਤੇ ਇਹ ਯਾਤਰਾ 19 ਅਗਸਤ ਤੱਕ ਚੱਲੇਗੀ। ਇਸ ਦੌਰਾਨ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਵੱਡੀ ਗਿਣਤੀ ਵਿਚ ਸ਼ਰਧਾਲੂ ਮਹਾਦੇਵ ਦੇ ਚਰਨਾਂ ਵਿਚ ਜਾ ਕੇ ਸੀਸ ਝੁਕਾਉਣਗੇ ਅਤੇ ਆਪਣੀਆਂ ਮਨੋਕਾਮਨਾਵਾਂ ਕਰਨਗੇ। ਰਿਪੋਰਟਾਂ ਮੁਤਾਬਕ ਇਸ ਸਾਲ ਦੀ ਯਾਤਰਾ ਲਈ 3.50 ਲੱਖ ਤੋਂ ਵੱਧ ਲੋਕਾਂ ਨੇ ਰਜਿਸਟ੍ਰੇਸ਼ਨ ਕਰਵਾਈ ਹੈ।



## ਦਿੱਲੀ 'ਚ ਹੋਈ ਭਾਰੀ ਬਰਸਾਤ, ਸੜਕਾਂ 'ਤੇ ਪਾਣੀ ਭਰਨ ਕਾਰਨ ਆਵਾਜਾਈ ਪ੍ਰਭਾਵਿਤ

ਰਾਸ਼ਟਰੀ ਰਾਜਧਾਨੀ 'ਚ ਵੀਰਵਾਰ ਦੇਰ ਰਾਤ ਤੋਂ ਹੋ ਰਹੀ ਭਾਰੀ ਬਾਰਿਸ਼ ਕਾਰਨ ਸੜਕਾਂ 'ਤੇ ਪਾਣੀ ਭਰ ਗਿਆ ਅਤੇ ਦਿੱਲੀ ਦੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਟਰਮੀਨਲ 1 ਦੀ ਛੱਤ ਦਾ ਕੁਝ ਹਿੱਸਾ ਡਿੱਗ ਗਿਆ। ਦੇਰ ਰਾਤ 3 ਵਜੇ ਮੀਂਹ ਪੈਣਾ ਸ਼ੁਰੂ ਹੋਇਆ। ਸਫਦਰਜੰਗ ਮੌਸਮ ਕੇਂਦਰ ਵਿੱਚ 153.7 ਮਿਲੀਮੀਟਰ ਬਾਰਿਸ਼ ਦਰਜ ਕੀਤੀ ਗਈ ਹੈ। ਲੋਕਾਂ ਨੇ ਭਾਰੀ ਮੀਂਹ ਕਾਰਨ ਪਾਣੀ ਵਿਚ ਡੁੱਬੀਆਂ ਸੜਕਾਂ ਅਤੇ ਟ੍ਰੈਫਿਕ ਜਾਮ ਵਿਚ ਫਸੇ ਵਾਹਨਾਂ ਦੀਆਂ ਵੀਡੀਓਜ਼ ਅਤੇ ਤਸਵੀਰਾਂ ਸੋਸ਼ਲ ਮੀਡੀਆ 'ਤੇ ਸ਼ੇਅਰ ਕੀਤੀਆਂ ਹਨ।ਟ੍ਰੈਫਿਕ ਪੁਲਸ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਇਕ ਪੋਸਟ 'ਚ ਕਿਹਾ ਕਿ, 'ਵਾਈ-ਪੁਆਇੰਟ' ਸਲੀਮਗੜ੍ਹ ਅਤੇ ਨਿਗਮਬੋਧ ਘਾਟ ਦੇ ਨੇੜੇ ਪਾਣੀ ਭਰਨ ਕਾਰਨ ਸ਼ਾਂਤੀਵਨ ਤੋਂ ISBT ਵੱਲ ਅਤੇ ISBT ਤੋਂ ਸ਼ਾਂਤੀਵਨ ਵੱਲ ਆਊਟਰ ਰਿੰਗ ਰੋਡ 'ਤੇ ਆਵਾਜਾਈ ਪ੍ਰਭਾਵਿਤ ਹੋਈ ਹੈ। ਕਿਰਪਾ ਕਰਕੇ ਇਸ ਅਨੁਸਾਰ ਆਪਣੀ ਯਾਤਰਾ ਦੀ ਯੋਜਨਾ ਬਣਾਓ।" ਪਾਣੀ ਭਰਨ ਕਾਰਨ ਆਈ.ਟੀ.ਓ., ਵੀਰ ਬੰਦਾ ਬੈਰਾਗੀ ਮਾਰਗ ਅਤੇ ਧੌਲਾ ਕੂਆਂ 'ਤੇ ਵੀ ਆਵਾਜਾਈ ਪ੍ਰਭਾਵਿਤ ਹੋਈ। ਭਾਰਤ ਦੇ ਮੌਸਮ ਵਿਭਾਗ ਅਨੁਸਾਰ ਇੱਕ ਦਿਨ ਵਿੱਚ 124.5 ਤੋਂ 244.4 ਮਿਲੀਮੀਟਰ ਬਾਰਿਸ਼ ਨੂੰ ਬਹੁਤ ਭਾਰੀ ਬਾਰਿਸ਼ ਵਜੋਂ ਸ਼੍ਰੇਣੀਬੱਧ ਕੀਤਾ ਗਿਆ ਹੈ। ਦਿੱਲੀ ਫਾਇਰ ਸਰਵਿਸ (ਡੀਐਫਐਸ) ਦੇ ਅਧਿਕਾਰੀਆਂ ਨੇ ਦੱਸਿਆ ਕਿ ਦਿੱਲੀ ਹਵਾਈ ਅੱਡੇ ਦੀ ਛੱਤ ਦਾ ਇੱਕ ਹਿੱਸਾ ਡਿੱਗਣ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ ਅਤੇ ਪੰਜ ਹੋਰ ਜ਼ਖ਼ਮੀ ਹੋ ਗਏ।




## ਕਾਂਗਰਸ ਨੇ ਨੀਟ ਪ੍ਰੀਖਿਆ ਦੇ ਮੁੱਦੇ 'ਤੇ ਚਰਚਾ ਲਈ ਰਾਜ ਸਭਾ 'ਚ ਪੇਸ਼ ਕੀਤਾ ਮੁਲਤਵੀ ਮਤਾ

ਰਾਜ ਸਭਾ ਵਿੱਚ ਮੁੱਖ ਵਿਰੋਧੀ ਪਾਰਟੀ ਕਾਂਗਰਸ ਨੇ ਮੈਡੀਕਲ ਕਾਲਜਾਂ ਵਿੱਚ ਦਾਖ਼ਲੇ ਨਾਲ ਸਬੰਧਤ ਨੀਟ ਪ੍ਰੀਖਿਆ ਦੇ ਪੇਪਰ ਲੀਕ ਹੋਣ ਦੇ ਮੁੱਦੇ 'ਤੇ ਸਦਨ ਵਿੱਚ ਚਰਚਾ ਕਰਨ ਲਈ ਮੁਲਤਵੀ ਮਤਾ ਪੇਸ਼ ਕੀਤਾ ਹੈ। ਕਾਂਗਰਸ ਦੇ ਨਾਸਿਰ ਹੁਸੈਨ ਨੇ ਵੀਰਵਾਰ ਨੂੰ ਦਿੱਤੇ ਇਸ ਨੋਟਿਸ 'ਚ ਨਿਯਮ 267 ਦੇ ਤਹਿਤ ਮੰਗ ਕੀਤੀ ਹੈ ਕਿ ਸਦਨ 'ਚ ਸਾਰਾ ਕੰਮਕਾਜ ਬੰਦ ਕੀਤਾ ਜਾਵੇ ਅਤੇ ਰਾਸ਼ਟਰੀ ਯੋਗਤਾ ਕਮ ਐਂਟਰੈਂਸ ਟੈਸਟ (NEET) ਅਤੇ UGC-NET ਪ੍ਰੀਖਿਆ ਦੇ ਮੁੱਦੇ 'ਤੇ ਪਹਿਲਾਂ ਚਰਚਾ ਕੀਤੀ ਜਾਵੇ|

ਜ਼ਿਕਰਯੋਗ ਹੈ ਕਿ ਸ਼ੁੱਕਰਵਾਰ ਨੂੰ ਜਾਰੀ ਸਦਨ ਦੇ ਵਿਧਾਨਕ ਕੰਮਕਾਜ ਦੀ ਸੂਚੀ 'ਚ ਰਾਸ਼ਟਰਪਤੀ ਦੇ ਭਾਸ਼ਣ 'ਤੇ ਧੰਨਵਾਦ ਮਤੇ 'ਤੇ ਹੀ ਚਰਚਾ ਦਾ ਜ਼ਿਕਰ ਕੀਤਾ ਗਿਆ ਹੈ। ਵਰਣਨਯੋਗ ਹੈ ਕਿ ਐੱਨਟੀਏ ਦੇ ਮੁਖੀ ਨੂੰ ਬਦਲਣ ਦੇ ਨਾਲ ਹੀ ਸਰਕਾਰ ਨੇ ਪੇਪਰ ਲੀਕ ਦੇ ਸਾਰੇ ਮਾਮਲਿਆਂ ਦੀ ਜਾਂਚ ਕੇਂਦਰੀ ਜਾਂਚ ਬਿਊਰੋ (ਸੀਬੀਆਈ) ਨੂੰ ਸੌਂਪ ਦਿੱਤੀ ਹੈ। ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਵੀਰਵਾਰ ਨੂੰ ਸੰਸਦ ਦੇ ਦੋਹਾਂ ਸਦਨਾਂ ਦੇ ਸਾਂਝੇ ਸੈਸ਼ਨ ਨੂੰ ਸੰਬੋਧਨ ਕਰਦੇ ਹੋਏ ਕਿਹਾ ਸੀ ਕਿ ਪੇਪਰ ਲੀਕ ਮਾਮਲੇ 'ਚ ਸ਼ਾਮਲ ਕਿਸੇ ਵੀ ਦੋਸ਼ੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਨੇ ਪ੍ਰੀਖਿਆਵਾਂ ਦੀ ਪਾਰਦਰਸ਼ਤਾ ਅਤੇ ਪੇਪਰ ਲੀਕ ਦੀ ਸਮੱਸਿਆ ਨਾਲ ਨਜਿੱਠਣ ਲਈ ਰਾਜਨੀਤੀ ਤੋਂ ਪਰੇ ਸੋਚਣ ਅਤੇ ਹੱਲ ਲੱਭਣ ਦੀ ਅਪੀਲ ਕੀਤੀ ਹੈ। ਰਾਸ਼ਟਰਪਤੀ ਦੇ ਸੰਬੋਧਨ 'ਤੇ ਸਦਨ 'ਚ ਅਜੇ ਚਰਚਾ ਹੋਣੀ ਬਾਕੀ ਹੈ।

## ਸਾਬਕਾ ਮੁੱਖ ਮੰਤਰੀ ਯੇਦੀਯੁਰੱਪਾ ਖ਼ਿਲਾਫ਼ ਚਾਰਜਸ਼ੀਟ ਦਾਇਰ

ਕਰਨਾਟਕ ਦੇ ਸਾਬਕਾ ਮੁੱਖ ਮੰਤਰੀ ਬੀ. ਐੱਸ. ਯੇਦੀਯੁਰੱਪਾ ਦੇ ਖ਼ਿਲਾਫ਼ ਛੇੜਛਾੜ ਦੇ ਦੋਸ਼ਾਂ ਦੀ ਜਾਂਚ ਕਰ ਰਹੇ ਅਪਰਾਧਿਕ ਜਾਂਚ ਵਿਭਾਗ (ਸੀ. ਆਈ. ਡੀ.) ਨੇ ਵੀਰਵਾਰ ਨੂੰ ਪੋਕਸੋ ਮਾਮਲਿਆਂ ਲਈ ਵਿਸ਼ੇਸ਼ ਅਦਾਲਤ ਵਿਚ ਚਾਰਜਸ਼ੀਟ ਦਾਖਲ ਕੀਤੀ। ਇਸ ਸਾਲ ਮਾਰਚ ਵਿਚ ਸਦਾਸ਼ਿਵਨਗਰ ਪੁਲਸ ਨੇ ਭਾਜਪਾ ਨੇਤਾ ਖ਼ਿਲਾਫ਼ ਛੇੜਛਾੜ ਦਾ ਮਾਮਲਾ ਦਰਜ ਕੀਤਾ ਸੀ, ਜਿਸ ਤੋਂ ਬਾਅਦ ਕਰਨਾਟਕ ਦੇ ਪੁਲਸ ਡਾਇਰੈਕਟਰ ਜਨਰਲ ਆਲੋਕ ਮੋਹਨ ਨੇ ਇਕ ਆਦੇਸ਼ ਜਾਰੀ ਕੀਤਾ ਅਤੇ ਮਾਮਲੇ ਨੂੰ ਵਿਸਤ੍ਰਿਤ ਜਾਂਚ ਲਈ ਸੀ. ਆਈ. ਡੀ. ਕੋਲ ਭੇਜਿਆ ਸੀ। ਇਹ ਮਾਮਲਾ 17 ਸਾਲਾ ਕੁੜੀ ਦੀ ਮਾਂ ਦੀ ਸ਼ਿਕਾਇਤ ਦੇ ਆਧਾਰ 'ਤੇ ਦਰਜ ਕੀਤਾ ਗਿਆ ਸੀ, ਜਿਸ ਨੇ ਦੋਸ਼ ਲਗਾਇਆ ਸੀ ਕਿ ਯੇਦੀਯੁਰੱਪਾ ਨੇ ਇਸ ਸਾਲ 2 ਫਰਵਰੀ ਨੂੰ ਇੱਥੇ ਡਾਲਰਸ ਕਾਲੋਨੀ ਸਥਿਤ ਆਪਣੀ ਰਿਹਾਇਸ਼ 'ਤੇ ਮੀਟਿੰਗ ਦੌਰਾਨ ਉਸਦੀ ਧੀ ਨਾਲ ਛੇੜਛਾੜ ਕੀਤੀ ਸੀ।



# ਪੰਜਾਬ ਦੇ ਸਕੂਲਾਂ 'ਚ ਛੁੱਟੀਆਂ ਨਾਲ ਜੁੜੀ ਵੱਡੀ ਅਪਡੇਟ



ਪੰਜਾਬ ਦੇ ਸਰਕਾਰੀ ਸਕੂਲਾਂ ਵਿਚ 30 ਜੂਨ ਨੂੰ ਗਰਮੀ ਦੀਆਂ ਛੁੱਟੀਆਂ ਖ਼ਤਮ ਹੋ ਰਹੀਆਂ ਹਨ। ਸਿੱਖਿਆ ਵਿਭਾਗ ਨੇ ਘੋਸ਼ਣਾ ਕੀਤੀ ਹੈ ਕਿ ਸਾਰੇ ਸਰਕਾਰੀ ਸਕੂਲ 1 ਜੁਲਾਈ ਸੋਮਵਾਰ ਤੋਂ ਫਿਰ ਤੋਂ ਖੁੱਲ੍ਹ ਜਾਣਗੇ। ਸਕੂਲ ਖੁੱਲ੍ਹਣ ਤੋਂ ਪਹਿਲਾਂ, ਜ਼ਿਲ੍ਹਾ ਸਿੱਖਿਆ ਅਧਿਕਾਰੀ (ਸੈਕੰਡਰੀ ਸਿੱਖਿਆ) ਨੇ ਸਾਰੇ ਸਕੂਲ ਪ੍ਰਮੁੱਖਾਂ ਨੂੰ ਨਿਰਦੇਸ਼ ਦਿੱਤਾ ਹੈ ਕਿ ਉਹ ਸਕੂਲ ਕੰਪਲੈਕਸ ਵਿਚ ਵਿਆਪਕ ਸਫਾਈ ਅਭਿਆਨ ਚਲਾਉਣ। ਇਸ ਅਭਿਆਨ ਦੇ ਤਹਿਤ, ਕਲਾਸਾਂ, ਮਿਡ ਡੇ ਮੀਲ ਰਸੋਈ, ਬਾਥਰੂਮ, ਪਾਣੀ ਦੀਆਂ ਟੈਂਕੀਆਂ ਅਤੇ ਸਕੂਲ ਦੇ ਹੋਰ ਸਾਰੇ ਹਿੱਸਿਆਂ ਨੂੰ ਸਾਫ ਸੁਥਰਾ ਅਤੇ ਸਵੱਛ ਰੱਖਿਆ ਜਾਣਾ ਚਾਹੀਦਾ।

ਡੀ.ਈ.ਓ ਨੇ ਕਿਹਾ ਕਿ ਇਹ ਯਕੀਨ ਕਰਨਾ ਉਨ੍ਹਾਂ ਨੂੰ ਸਭ ਤੋਂ ਵੱਡੀ ਪਹਿਲ ਹੈ ਕਿ ਜਦ ਵਿਦਿਆਰਥੀ 1 ਜੂਨ ਨੂੰ ਸਕੂਲ ਆਉਣ ਤਾਂ ਉਨ੍ਹਾਂ ਨੂੰ ਕਿਸੇ ਵੀ ਪ੍ਰਕਾਰ ਦੀ ਅਸੁਵਿਧਾ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦਾ ਉਦੇਸ਼ ਹੈ ਕਿ ਵਿਦਿਆਰਥੀ ਸਵੱਛ ਅਤੇ ਸਿਹਤਮੰਦ ਵਾਤਾਵਰਣ ਵਿਚ ਸਿੱਖਿਆ ਪ੍ਰਾਪਤ ਕਰਨ। ਬਰਸਾਤ ਦੇ ਮੌਸਮ ਨੂੰ ਦੇਖਦੇ ਹੋਏ ਜ਼ਿਲ੍ਹਾ ਸਿੱਖਿਆ ਅਧਿਕਾਰੀ ਨੇ ਸਾਰੇ ਸਕੂਲ ਪ੍ਰਮੁੱਖਾਂ ਨੂੰ ਨਿਰਦੇਸ਼ ਦਿੱਤਾ ਹੈ ਕਿ ਉਹ ਸਕੂਲ ਦੀਆਂ ਛੱਤਾਂ ਦੀ ਸਫਾਈ ’ਤੇ ਵਿਸੇਸ਼ ਧਿਆਨ ਦੇਣ। ਉਨ੍ਹਾਂ ਨੇ ਕਿਹਾ ਇਹ ਯਕੀਨ ਕਰਨਾ ਮਹੱਤਵਪੂਰਨ ਹੈ ਕਿ ਛੱਤਾਂ ’ਤੇ ਜਲ ਜਮਾਵ ਨਾ ਹੋਵੇ। ਜਿਸ ਨਾਲ ਸੀਲਣ ਅਤੇ ਹੋਰ ਸਮੱਸਿਆਵਾਂ ਹੋ ਸਕਦੀਆਂ ਹਨ। ਇਸ ਤੋਂ ਇਲਾਵਾ ਜ਼ਿਲ੍ਹਾ ਸਿੱਖਿਆ ਅਧਿਕਾਰੀ ਨੇ ਸਾਰੇ ਸਕੂਲ ਪ੍ਰਮੁੱਖਾਂ ਨੂੰ ਨਿਰਦੇਸ਼ ਦਿੱਤਾ ਹੈ ਕਿ ਉਹ ਵਿਦਿਆਰਥੀਆਂ ਦੀ ਪੜਾਈ ਦੇ ਲਈ ਜ਼ਰੂਰੀ ਵਿਵਸਥਾਵਾਂ ਯਕੀਨੀ ਕਰਨ। ਇਸ ਵਿਚ ਪਾਠਕ੍ਰਮ ਸਮੱਗਰੀ ਅਤੇ ਟਾਈਮ ਟੇਬਲ ਦਾ ਨਿਰਮਾਣ ਸ਼ਾਮਲ ਹੈ।

# ਨਸ਼ਿਆਂ ਵਿਰੁੱਧ ਲੋਕ ਲਹਿਰ ਖੜ੍ਹੀ ਕਰੇਗਾ ਪੁਲਸ ਪ੍ਰਸ਼ਾਸਨ



ਪੰਜਾਬ ਦੀ ਜਵਾਨੀ ਨੂੰ ਘੁਣ ਵਾਂਗ ਖਾ ਰਹੇ ਨਸ਼ਿਆਂ ਵਿਰੁੱਧ ਸਰਕਾਰੀ ਹਦਾਇਤਾਂ ’ਤੇ ਜਿੱਥੇ ਪੁਲਸ ਪ੍ਰਸ਼ਾਸਨ ਨੇ ਸਖ਼ਤੀ ਕੀਤੀ ਹੈ, ਉਥੇ ਹੀ ਨਸ਼ਿਆ ਵਿਰੁੱਧ ਜ਼ਮੀਨੀ ਪੱਧਰ ’ਤੇ ਪੁਲਸ ਪ੍ਰਸ਼ਾਸਨ ਨੇ ਹੁਣ ਲੋਕ ਲਹਿਰ ਖੜ੍ਹੀ ਕਰਨੀ ਸ਼ੁਰੂ ਕੀਤੀ ਹੈ ਤਾਂ ਜੋ ਹਰ ਵਰਗ ਹੀ ਨਸ਼ਿਆ ਵਿਰੁੱਧ ਲਾਮਬੱਧ ਹੋ ਸਕੇ ਅਤੇ ਕਿਸੇ ਕਾਰਣ ਸਿੰਥੈਟਿਕ ਡਰੱਗ ਚਿੱਟੇ ਸਮੇਤ ਹੋਰ ਪਾਬੰਦੀਸ਼ੁਦਾ ਨਸ਼ਿਆਂ ਦਾ ਸੇਵਨ ਕਰਨ ਵਾਲੇ ਲੋਕ ਇਸ ਦਲਦਲ ਵਿਚੋਂ ਬਾਹਰ ਨਿਕਲ ਸਕਣ।

ਕਸਬਾ ਬੱਧਨੀ ਕਲਾਂ ਵਿਖੇ ਡੀ. ਐੱਸ. ਪੀ. ਪਰਮਜੀਤ ਸਿੰਘ ਸੰਧੂ ਅਤੇ ਥਾਣਾ ਮੁਖੀ ਗੁਰਮੇਲ ਸਿੰਘ ਦੀ ਅਗਵਾਈ ਹੇਠ ਸੈਮੀਨਾਰ ਲਾਇਆ ਗਿਆ, ਜਿਸ ਵਿਚ ਸ਼ਹਿਰ ਨਿਵਾਸੀਆਂ ਨੇ ਸ਼ਿਰਕਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਡੀ. ਐੱਸ. ਪੀ. ਪਰਮਜੀਤ ਸਿੰਘ ਸੰਧੂ ਅਤੇ ਥਾਣਾ ਮੁਖੀ ਗੁਰਮੇਲ ਸਿੰਘ ਨੇ ਕਿਹਾ ਕਿ ਸਿੰਥੈਟਿਕ ਡਰੱਗ ਚਿੱਟੇ ਸਮੇਤ ਹੋਰ ਨਸ਼ਿਆਂ ਦਾ ਖਾਤਮਾ ਕਰਨਾ ਜ਼ਰੂਰੀ ਹੈ।

ਪੁਲਸ ਪ੍ਰਸ਼ਾਸਨ ਵੱਲੋਂ ਇਨ੍ਹਾਂ ਨਸ਼ਿਆ ਵਿਰੁੱਧ ਸਖ਼ਤ ਮੁਹਿੰਮ ਤਾਂ ਵਿੱਢੀ ਗਈ ਹੈ ਪਰੰਤੂ ਸਰਕਾਰਾਂ ਅਤੇ ਪ੍ਰਸ਼ਾਸਨ ਇਕੱਲਾ ਕੁਝ ਨਹੀਂ ਕਰ ਸਕਦਾ। ਇਸ ਲਈ ਲੋਕਾਂ ਦਾ ਸਹਿਯੋਗ ਬੇਹੱਦ ਜ਼ਰੂਰੀ ਹੈ। ਉਨ੍ਹਾਂ ਲੋਕਾਂ ਤੋਂ ਨਸ਼ਿਆਂ ਵਿਰੁੱਧ ਸਹਿਯੋਗ ਦੀ ਮੰਗ ਕਰਦਿਆਂ ਕਿਹਾ ਕਿ ਜੇਕਰ ਹਰੇਕ ਵਿਅਕਤੀ ਆਪਣੀ ਜ਼ਿੰਮੇਵਾਰੀ ਸੰਭਾਲੇ ਤਾਂ ਉਹ ਦਿਨ ਦੂਰ ਨਹੀਂ ਜਦੋਂ ਸਮਾਜ ਵਿਚੋਂ ਮੁਕੰਮਲ ਤੌਰ ’ਤੇ ਨਸ਼ੇ ਦਾ ਖਾਤਮਾ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਨੂੰ ਵੀ ਨਸ਼ੇ ਸਬੰਧੀ ਕੋਈ ਸੂਚਨਾ ਮਿਲਦੀ ਹੈ ਤਾਂ ਉਹ ਤੁਰੰਤ ਪੁਲਸ ਨੂੰ ਸੂਚਿਤ ਕਰਨ।




# PGI ‘ਚ ਹਿੰਦੀ ਮਗਰੋਂ ਪੰਜਾਬੀ ਭਾਸ਼ਾ ਵੀ ਲਾਗੂ, ਮਰੀਜ਼ਾਂ ਦੀ ਸਹੂਲਤ ਲਈ ਪੰਜਾਬੀ ਭਾਸ਼ਾ ‘ਚ ਲਗਾਏ ਜਾਣਗੇ ਬੋਰਡ

ਚੰਡੀਗੜ੍ਹ PGI ਵਿੱਚ ਹਾਲ ਹੀ ਵਿੱਚ ਹਿੰਦੀ ਦੀ ਪ੍ਰਮੁੱਖਤਾ ਨਾਲ ਵਰਤੋਂ ਸਬੰਧੀ ਡਾਕਟਰਾਂ ਨੂੰ ਹੁਕਮ ਦਿੱਤੇ ਗਏ ਸਨ। ਇਸ ਸਬੰਧੀ ਸਰਕੂਲਰ ਵੀ ਜਾਰੀ ਕੀਤਾ ਗਿਆ ਸੀ ਪਰ ਹੁਣ ਇਸ ਵਿੱਚ ਸੋਧ ਕਰ ਕੇ ਪੰਜਾਬੀ ਭਾਸ਼ਾ ਨੂੰ ਵੀ ਸ਼ਾਮਲ ਕਰਨ ਦੀ ਗੱਲ ਕਹੀ ਗਈ ਹੈ। ਮਰੀਜ਼ਾਂ ਦੀ ਸਹੂਲਤ ਲਈ ਹੁਣ ਪੀ.ਜੀ.ਆਈ.’ਚ ਪੰਜਾਬੀ ਭਾਸ਼ਾ ਦੀ ਵੀ ਵਰਤੋਂ ਕੀਤੀ ਜਾਵੇਗੀ। ਇਸ ਸਬੰਧੀ ਨਵਾਂ ਸਰਕੂਲਰ ਜਾਰੀ ਕੀਤਾ ਗਿਆ ਹੈ।

ਨਵੇਂ ਸਰਕੂਲਰ ’ਚ ਡਾਇਰੈਕਟਰ ਨੇ ਸਾਰੇ ਵਿਭਾਗਾਂ ਦੇ ਮੁਖੀਆਂ ਨੂੰ ਅਪੀਲ ਕੀਤੀ ਹੈ ਕਿ ਮਰੀਜ਼ਾਂ ਦੀ ਸਹੂਲਤ ਅਨੁਸਾਰ ਓ.ਪੀ.ਡੀ., ਆਈ.ਪੀ.ਡੀ., ਪਰਚੀਆਂ/ਕਾਰਡ ਆਦਿ ਪੰਜਾਬੀ ਤੇ ਹਿੰਦੀ ’ਚ ਲਿਖਣ ਤੇ ਮਰੀਜ਼ਾਂ ਨੂੰ ਕਿਸੇ ਵੀ ਤਰ੍ਹਾਂ ਦੀਆ ਹਦਾਇਤਾਂ ਦੇਣ ਲਈ ਜਿੰਨਾ ਸੰਭਵ ਹੋ ਸਕੇ, ਸਥਾਨਕ ਭਾਸ਼ਾ ਬੋਲਣ ਦੀ ਕੋਸ਼ਿਸ਼ ਕਰਨ। ਬਿਮਾਰੀ ਬਾਰੇ ਜਾਗਰੂਕਤਾ ਲਈ ਬਣਾਈ ਗਈ ਵੀਡੀਓ ਪੰਜਾਬੀ ਤੇ ਹਿੰਦੀ ’ਚ ਤਿਆਰ ਕੀਤੀ ਜਾਵੇ।

ਇਹ ਫ਼ੈਸਲਾ 2015 ਤੋਂ ਸ਼ਹਿਰ ’ਚ ਪੰਜਾਬੀ ਭਾਸ਼ਾ ਦਾ ਪ੍ਰਚਾਰ ਕਰ ਰਹੇ ਸਰਕਾਰੀ ਕਾਲਜ ਸੈਕਟਰ-46 ਦੇ ਸਹਾਇਕ ਪ੍ਰੋਫੈਸਰ ਪੰਡਤ ਰਾਓ ਧਰੇਨਵਰ ਵੱਲੋਂ ਪੀ.ਜੀ.ਆਈ ਨੂੰ ਪੱਤਰ ਲਿਖਣ ਤੋਂ ਬਾਅਦ ਲਿਆ ਗਿਆ ਹੈ। ਇਸ ਪੱਤਰ ’ਚ ਉਨ੍ਹਾਂ ਨੇ ਪੰਜਾਬੀ ਭਾਸ਼ਾ ਨੂੰ ਵੀ ਸ਼ਾਮਲ ਕਰਨ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਪੀ.ਜੀ.ਆਈ. ’ਚ ਪੰਜਾਬ, ਹਰਿਆਣਾ, ਹਿਮਾਚਲ, ਯੂ.ਪੀ, ਬਿਹਾਰ ਤੇ ਹੋਰ ਕਈ ਰਾਜਾਂ ਤੋਂ ਮਰੀਜ਼ ਆਉਂਦੇ ਹਨ। ਪੰਜਾਬੀ ਇੱਥੋਂ ਦੀ ਸਥਾਨਕ ਭਾਸ਼ਾ ਹੈ ਤੇ ਪੰਜਾਬ ਤੋਂ ਆਉਣ ਵਾਲੇ ਮਰੀਜ਼ਾਂ ਦੀ ਗਿਣਤੀ ਵੀ ਕਾਫ਼ੀ ਜ਼ਿਆਦਾ ਹੈ। ਜੇ ਗੱਲਬਾਤ ਤੇ ਕੰਮ ਸਥਾਨਕ ਭਾਸ਼ਾ ’ਚ ਕੀਤਾ ਜਾਵੇ ਤਾਂ ਇਸ ਦਾ ਮਰੀਜ਼ਾਂ ਨੂੰ ਜ਼ਿਆਦਾ ਫ਼ਾਇਦਾ ਹੋਵੇਗਾ।

ਪੰਡਤ ਰਾਓ ਧਰੇਨਵਰ ਨੇ ਪੀ.ਜੀ.ਆਈ. ਦੇ ਡਾਇਰੈਕਟਰ ਨੂੰ ਪੱਤਰ ਲਿਖਿਆ ਹੈ ਤੇ ਰਾਜ ਭਾਸ਼ਾ ਐਕਟ 1963 ਦੀ ਸਹੀ ਢੰਗ ਨਾਲ ਪਾਲਣਾ ਕਰਨ ਲਈ ਕਿਹਾ ਹੈ। ਉਨ੍ਹਾਂ ਨੇ ਸਾਰੇ ਬੋਰਡ ਤਿੰਨ ਭਾਸ਼ਾਵਾਂ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ’ਚ ਰੱਖਣ ਲਈ ਡਾਇਰੈਕਟਰ ਪੀ.ਜੀ.ਆਈ ਨੂੰ 35,000 ਰੁਪਏ ਦਾ ਡਿਮਾਂਡ ਡਰਾਫਟ ਵੀ ਭੇਜਿਆ ਹੈ, ਜਿਸ ’ਚ ਪੰਜਾਬੀ ਸਿਖਰ ”ਤੇ, ਉਸ ਤੋਂ ਬਾਅਦ ਹਿੰਦੀ ਤੇ ਅੰਗਰੇਜ਼ੀ ਹੈ। ਰਾਜ ਭਾਸ਼ਾ ਐਕਟ 1965 ਅਨੁਸਾਰ ਚੰਡੀਗੜ੍ਹ ‘ਬੀ’ ਖੇਤਰ ਅਧੀਨ ਆਉਂਦਾ ਹੈ, ਜਿਸ ’ਚ ਸਾਰੇ ਬੋਰਡ ਤਿੰਨ ਭਾਸ਼ਾਵਾਂ ’ਚ ਹੋਣਗੇ।

ਪ੍ਰੋ. ਰਾਓ ਦਾ ਕਹਿਣਾ ਹੈ ਕਿ ਪੀ.ਜੀ.ਆਈ. ’ਚ ਹਿੰਦੀ ਦੇ ਸਾਈਨ ਬੋਰਡ ਤਾਂ ਲਾਏ ਹਨ ਪਰ ਉਨ੍ਹਾਂ ’ਚ ਪੰਜਾਬੀ ਨੂੰ ਅਣਦੇਖਿਆ ਕੀਤਾ ਗਿਆ ਹੈ। ਅੰਗਰੇਜ਼ੀ ਨੂੰ ਸਿਖਰ ’ਤੇ ਰੱਖਿਆ ਗਿਆ ਹੈ ਜਦਕਿ ਪਹਿਲਾਂ ਹਿੰਦੀ ਤੇ ਪੰਜਾਬੀ ਹੋਣੀ ਚਾਹੀਦੀ ਹੈ ਤੇ ਉਸ ਤੋਂ ਬਾਅਦ ਅੰਗਰੇਜ਼ੀ ਹੋਣੀ ਚਾਹੀਦੀ ਹੈ। ਉਨ੍ਹਾਂ ਨੇ ਪੀ.ਜੀ.ਆਈ. ਦੇ ਡਾਇਰੈਕਟਰ ਨੂੰ ਵੀ ਬੇਨਤੀ ਕੀਤੀ ਹੈ ਕਿ ਉਹ ਡਾਕਟਰਾਂ ਨੂੰ ਮਰੀਜ਼ਾਂ ਨਾਲ ਪੰਜਾਬੀ ’ਚ ਗੱਲ ਕਰਨ ਤੇ ਦਵਾਈਆਂ ਪੰਜਾਬੀ ’ਚ ਲਿਖਣ ਲਈ ਕਹਿਣ। ਉਨ੍ਹਾਂ ਨੇ ਮਰੀਜ਼ਾਂ ਨਾਲ ਸਬੰਧਤ ਵੀਡੀਓ ਵੀ ਪੰਜਾਬੀ ’ਚ ਬਣਾਉਣ ਦੀ ਬੇਨਤੀ ਕੀਤੀ ਹੈ।ਪ੍ਰੋ. ਪੰਡਤ ਰਾਓ ਧਰੇਨਵਰ ਪਿਛਲੇ ਕਈ ਸਾਲਾਂ ਤੋਂ ਪੰਜਾਬੀ ਭਾਸ਼ਾ ਦਾ ਪ੍ਰਚਾਰ ਕਰ ਰਹੇ ਹਨ। ਉਹ ਪੀ.ਜੀ.ਆਈ. ’ਚ ਦੱਖਣ ਤੋਂ ਆਏ ਡਾਕਟਰਾਂ ਤੇ ਨਰਸਿੰਗ ਸਟਾਫ ਨੂੰ ਵੀ ਪੰਜਾਬੀ ਭਾਸ਼ਾ ਸਿਖਾਉਂਦੇ ਰਹੇ ਹਨ। ਹੁਣ ਤੱਕ ਉਹ 40 ਤੋਂ ਵੱਧ ਡਾਕਟਰਾਂ ਤੇ ਨਰਸਿੰਗ ਸਟਾਫ ਨੂੰ ਪੰਜਾਬੀ ਬੋਲਣਾ ਤੇ ਪੜ੍ਹਨਾ ਸਿਖਾ ਚੁੱਕੇ ਹਨ। ਇਸ ਸਮੇਂ ਉਹ ਪੀ.ਜੀ.ਆਈ ਦੇ 10 ਡਾਕਟਰਾਂ ਤੇ ਨਰਸਿੰਗ ਸਟਾਫ ਨੂੰ ਪੰਜਾਬੀ ਸਿਖਾ ਰਹੇ ਹਨ।

ਉਨ੍ਹਾਂ ਦੱਸਿਆ ਕਿ ਪੀ.ਜੀ.ਆਈ. ’ਚ ਤਾਮਿਲਨਾਡੂ ਤੇ ਕੇਰਲ ਤੋਂ ਕਾਫ਼ੀ ਵਿਦਿਆਰਥੀ ਆਉਂਦੇ ਹਨ, ਉਨ੍ਹਾਂ ਨੂੰ ਪੰਜਾਬੀ ਭਾਸ਼ਾ ਆਉਣ ਨਾਲ ਉਹ ਮਰੀਜ਼ਾਂ ਦੀ ਗੱਲ ਚੰਗੀ ਤਰ੍ਹਾਂ ਸਮਝਦੇ ਹਨ ਤੇ ਉਨ੍ਹਾਂ ਦਾ ਕੰਮ ਆਸਾਨ ਹੋ ਜਾਂਦਾ ਹੈ। ਕਰਨਾਟਕ ਦੇ ਰਹਿਣ ਵਾਲੇ ਪ੍ਰੋ. ਰਾਓ ਦੀ ਪੰਜਾਬੀ ਭਾਸ਼ਾ ”ਤੇ ਚੰਗੀ ਪਕੜ ਹੈ। ਉਹ ਹੁਣ ਤੱਕ ਪੰਜਾਬੀ ’ਚ 12 ਕਿਤਾਬਾਂ ਲਿਖ ਚੁੱਕੇ ਹਨ ਤੇ ਇਸ ਦੇ ਨਾਲ ਹੀ ਉਹ ਸ੍ਰੀ ਜਪੁਜੀ ਸਾਹਿਬ, ਸ੍ਰੀ ਸੁਖਮਨੀ ਸਾਹਿਬ ਤੇ ਜ਼ਫ਼ਰਨਾਮੇ ਦਾ ਪੰਜਾਬੀ ਤੋਂ ਕੰਨੜ ਭਾਸ਼ਾ ’ਚ ਅਨੁਵਾਦ ਵੀ ਕਰ ਚੁੱਕੇ ਹਨ। ਪੀ.ਜੀ.ਆਈ. ’ਚ ਦੱਖਣੀ ਭਾਰਤੀ ਡਾਕਟਰ ਤੇ ਨਰਸਾਂ ਹਨ, ਜੋ ਪੰਜਾਬੀ ਭਾਸ਼ਾ ਸਿੱਖਣਾ ਚਾਹੁੰਦੇ ਹਨ। ਪੰਡਿਤ ਰਾਓ ਅਨੁਸਾਰ ਸਥਾਨਕ ਭਾਸ਼ਾ ਜਾਣਨ ਨਾਲ ਡਾਕਟਰਾਂ ਤੇ ਮਰੀਜ਼ਾਂ ਵਿਚਕਾਰ ਤਾਲਮੇਲ ਬਹੁਤ ਵਧ ਜਾਂਦਾ ਹੈ।

# ਮਾਨਸਾ ‘ਚ ਦੇਰ ਰਾਤ ਤੇਜ਼ ਰਫਤਾਰ ਕਾਰ ਹੋਈ ਹਾਦਸਾਗ੍ਰਸਤ, 2 ਨੌਜਵਾਨਾਂ ਦੀ ਮੌਕੇ ‘ਤੇ ਮੌਤ





ਪੰਜਾਬ ਦੇ ਮਾਨਸਾ ਜ਼ਿਲ੍ਹੇ ਵਿੱਚ ਦੇਰ ਰਾਤ ਇੱਕ ਦਰਦਨਾਕ ਹਾਦਸਾ ਵਾਪਰਿਆ ਹੈ। ਇੱਕ ਤੇਜ਼ ਰਫਤਾਰ ਕਾਰ ਬੇਕਾਬੂ ਹੋ ਕੇ ਪਲਟ ਗਈ, ਜਿਸ ਕਾਰਨ ਕਾਰ ਵਿੱਚ ਸਵਾਰ ਦੋ ਨੌਜਵਾਨਾਂ ਦੀ ਮੌਕੇ ਤੇ ਮੌਤ ਹੋ ਗਈ। ਸਥਾਨਕ ਲੋਕਾਂ ਨੇ ਮੌਕੇ ਤੇ ਨੌਜਵਾਨਾਂ ਨੂੰ ਕਾਰ ਵਿੱਚੋਂ ਬਾਹਰ ਕੱਢਿਆ। ਸੂਚਨਾ ਮਿਲਦੇ ਮੌਕੇ ਤੇ ਪਹੁੰਚੀ ਪੁਲਿਸ ਨੇ ਦੋਨਾਂ ਦੀਆਂ ਲਾਸ਼ਾਂ ਨੂੰ ਕਬਜੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਇਹ ਹਾਦਸਾ ਪਿੰਡ ਬਰੇ ਨੇੜੇ ਵਾਪਰਿਆ ਹੈ।

ਜਾਣਕਾਰੀ ਅਨੁਸਾਰ ਦੇਰ ਰਾਤ ਮਾਨਸਾ ਜ਼ਿਲ੍ਹੇ ਦੇ ਪਿੰਡ ਬਾਰੇ ਵਿਖੇ ਸੜਕ ਤੇ ਆ ਰਹੀ ਇੱਕ ਤੇਜ਼ ਰਫਤਾਰ ਕਾਰ ਅਚਾਨਕ ਪੁਲਿਆ ਨਾਲ ਟਾਕਰਾ ਗਈ ਇਸ ਤੋਂ ਬਾਅਦ ਗੱਡੀ ਪਲਟ ਕੇ ਇੱਕ ਘਰ ਅੰਦਰ ਜਾ ਵੜੀ। ਗੱਡੀ ਵਿੱਚ 2 ਨੌਜਵਾਨ ਸਵਾਰ ਸਨ, ਜਿਨ੍ਹਾਂ ਦੀ ਪਛਾਣ ਮਣੀ ਸਿੰਘ ਪਿੰਡ ਅੱਕਾਂਵਾਲੀ ਤੇ ਜੋਤੀ ਸਿੰਘ ਮਾਨਸਾ ਵਜੋਂ ਹੋਈ। ਹਾਦਸੇ ਵਿੱਚ ਦੋਵਾਂ ਨੌਜਵਾਨਾਂ ਨੇ ਮੌਕੇ ਤੇ ਹੀ ਦਮ ਤੋੜ ਦਿੱਤਾ।ਸਥਾਨਕ ਲੋਕਾਂ ਨੇ ਦੱਸਿਆ ਕਿ ਦੇਰ ਰਾਤਸ:30 ਵਜੇ ਦੇ ਕਰੀਬ ਇਹ ਇੱਕ ਤੇਜ਼ ਰਫਤਾਰ ਕਾਰ ਬੁੱਢਲਾਡਾ ਤੋਂ ਅੱਕਾਂ ਵਾਲੀ ਵੱਲ ਨੂੰ ਆ ਰਹੀ ਸੀ ਅਤੇ ਇਸ ਤੇਜ਼ ਰਫਤਾਰ ਕਾਰ ਦੇ ਪਲਟ ਜਾਣ ਦੇ ਕਾਰਨ ਆਵਾਜ਼ ਸੁਣਦਿਆਂ ਹੀ ਸਥਾਨਕ ਲੋਕ ਮੌਕੇ ਤੇ ਭੱਜ ਕੇ ਆਏ। ਉਨ੍ਹਾਂ ਦੱਸਿਆ ਹਾਦਸਾ ਇੰਨ੍ਹਾਂ ਭਿਆਨਕ ਸੀ ਕਿ ਕਾਰ ਚਕਨਾਚੂਰ ਹੋ ਚੁੱਕੀ ਸੀ ਅਤੇ ਇਸ ਕਾਰ ਦੇ ਵਿੱਚ ਸਵਾਰ ਦੋਨੋਂ ਹੀ ਨੌਜਵਾਨਾਂ ਦੀ ਮੌਤ ਹੋ ਚੁੱਕੀ ਸੀ। ਜਿਸ ਤੇ ਉਹਨਾਂ ਨੇ ਤੁਰੰਤ ਬੁੱਢਲਾਡਾ ਦੀ ਪੁਲਿਸ ਨੂੰ ਸੂਚਿਤ ਕੀਤਾ। ਪੁਲਿਸ ਨੇ ਇਹਨਾਂ ਨੌਜਵਾਨਾਂ ਦੀਆਂ ਲਾਸ਼ਾਂ ਨੂੰ ਹਸਪਤਾਲ ਪਹੁੰਚਾਇਆ।

# ਝੋਨੇ ਦੀ ਲਵਾਈ ਲਈ ਅਜੇ ਵੀ ਟਿਊਬਵੈੱਲਾਂ ’ਤੇ ਨਿਰਭਰ ਹਨ ਕਿਸਾਨ



ਗੁਰਦਾਸਪੁਰ ਸ਼ਹਿਰ ਅਤੇ ਸਮੁੱਚੇ ਇਲਾਕੇ ਅੰਦਰ ਬੀਤੀ ਰਾਤ ਹੋਈ ਹਲਕੀ ਤੋਂ ਦਰਮਿਆਨੀ ਬਾਰਿਸ਼ ਨੇ ਮੌਸਮ ਦੇ ਮਿਜਾਜ਼ ਨੂੰ ਬਦਲ ਕੇ ਰੱਖ ਦਿੱਤਾ ਹੈ। ਇਸ ਬਾਰਿਸ਼ ਕਾਰਨ ਆਮ ਲੋਕਾਂ ਨੇ ਗਰਮੀ ਤੋਂ ਵੱਡੀ ਰਾਹਤ ਮਹਿਸੂਸ ਕੀਤੀ ਹੈ, ਜਿਸ ਦੇ ਚਲਦਿਆਂ ਇਲਾਕੇ ਅੰਦਰ ਦਿਨ ਦਾ ਤਾਪਮਾਨ ਘੱਟ ਕੇ 33 ਤੋਂ 35 ਡਿਗਰੀ ਦੇ ਕਰੀਬ ਰਹਿ ਗਿਆ ਹੈ, ਜਦੋਂ ਕਿ ਰਾਤ ਦਾ ਤਾਪਮਾਨ 23 ਡਿਗਰੀ ਦੇ ਕਰੀਬ ਹੀ ਦਰਜ ਕੀਤਾ ਜਾ ਰਿਹਾ ਹੈ। ਪਿਛਲੇ ਕਈ ਦਿਨਾਂ ਤੋਂ ਗਰਮੀ ਨਾਲ ਤਰਾਹ-ਤਰਾਹ ਕਰ ਰਹੇ ਲੋਕਾਂ ਨੂੰ ਵੱਡੀ ਰਾਹਤ ਮਿਲੀ ਹੈ। ਬਾਰਿਸ਼ ਕਾਰਨ ਕਈ ਸੜਕਾਂ ਦੇ ਕਿਨਾਰਿਆਂ ’ਤੇ ਪਾਣੀ ਖੜ੍ਹਾ ਦੇਖਿਆ ਗਿਆ।ਦੂਸਰੇ ਪਾਸੇ ਕਿਸਾਨਾਂ ਨੂੰ ਬਾਰਿਸ਼ ਨੇ ਜ਼ਿਆਦਾ ਰਾਹਤ ਨਹੀਂ ਦਿੱਤੀ ਕਿਉਂਕਿ ਬਾਰਿਸ਼ ਘੱਟ ਹੋਣ ਕਾਰਨ ਅਜੇ ਵੀ ਕਿਸਾਨ ਝੋਨੇ ਦੀ ਲਵਾਈ ਅਤੇ ਫਸਲਾਂ ਦੀ ਸਿੰਜਾਈ ਲਈ ਟਿਊਬਵੈੱਲਾਂ ’ਤੇ ਹੀ ਨਿਰਭਰ ਦਿਖਾਈ ਦੇ ਰਹੇ ਹਨ ਅਤੇ ਖੇਤਾਂ ਦਾ ਸੋਕਾ ਅਜੇ ਵੀ ਬਰਕਰਾਰ ਹੈ। ਕਿਸਾਨਾਂ ਨੇ ਗੱਲਬਾਤ ਕਰਦਿਆਂ ਕਿਹਾ ਕਿ ਬਾਰਿਸ਼ ਨਾ ਹੋਣ ਕਾਰਨ ਇਸ ਵਾਰ ਝੋਨੇ ਦੀ ਲਵਾਈ ਲਈ ਸਾਰਾ ਦਾਰੋਮਦਾਰ ਟਿਊਬਵੈੱਲਾਂ ਦੇ ਪਾਣੀ ’ਤੇ ਹੀ ਨਿਰਭਰ ਹੈ ਅਤੇ ਰਜਵਾਹਿਆਂ ਵਿਚ ਵੀ ਇਸ ਵਾਰ ਪਿਛਲੇ ਸਾਲ ਦੇ ਮੁਕਾਬਲੇ ਪਾਣੀ ਘੱਟ ਆ ਰਿਹਾ ਹੈ, ਜਿਸ ਕਰ ਕੇ ਉਨ੍ਹਾਂ ਨੂੰ ਟਿਊਬਵੈੱਲ ਚਲਾ ਕੇ ਹੀ ਖੇਤਾਂ ਦੀ ਤਿਆਰੀ ਕਰਨੀ ਪੈ ਰਹੀ ਹੈ।ਇਸੇ ਕਾਰਨ ਇਸ ਵਾਰ ਅਜੇ ਝੋਨੇ ਦੀ ਲਵਾਈ ਕਾਫੀ ਪੱਛੜ ਕੇ ਚੱਲ ਰਹੀ ਹੈ ਅਤੇ ਕੁਝ ਇਲਾਕਿਆਂ ਅੰਦਰ ਅਜੇ 50 ਫੀਸਦੀ ਕਰੀਬ ਵੀ ਲਵਾਈ ਦਾ ਕੰਮ ਮੁਕੰਮਲ ਨਹੀਂ ਹੋ ਸਕਿਆ। ਇਥੇ ਇਹ ਵੀ ਦੱਸਣਯੋਗ ਹੈ ਕਿ ਗੁਰਦਾਸਪੁਰ ਅੰਦਰ 10.5 ਐੱਮ. ਐੱਮ. ਬਾਰਿਸ਼ ਹੋਈ ਹੈ, ਜਿਸ ਕਾਰਨ ਹੁਣ ਦਿਨ ਦਾ ਤਾਪਮਾਨ ਕਾਫੀ ਘੱਟ ਹੋ ਗਿਆ ਹੈ ਤੇ ਆਉਣ ਵਾਲੇ ਇੱਕ ਹਫਤੇ ਦੌਰਾਨ ਮੀਂਹ ਬਾਰਿਸ਼ ਅਤੇ ਬੱਦਲਵਾਈ ਦੀ ਸੰਭਾਵਨਾ ਬਣੀ ਰਹੇਗੀ ਜਿਸ ਕਾਰਨ ਲੋਕਾਂ ਨੂੰ ਅਜੇ ਭਾਰੀ ਗਰਮੀ ਤੋਂ ਰਾਹਤ ਮਿਲਣ ਦੀ ਸੰਭਾਵਨਾ ਹੈ।

# ਹਿਮਾਚਲ ਦੇ ਸੱਤ ਜ਼ਿਲ੍ਹਿਆਂ ‘ਚ ਮਾਨਸੂਨ ਦੀ ਐਂਟਰੀ, 3 ਜੁਲਾਈ ਤੱਕ ਪੂਰੇ ਸੂਬੇ ‘ਚ ਮੀਂਹ ਪੈਣ ਦੀ ਸੰਭਾਵਨਾ



ਹਿਮਾਚਲ ਪ੍ਰਦੇਸ਼ ਦੇ ਸੱਤ ਜ਼ਿਲ੍ਹਿਆਂ ਵਿੱਚ ਕੱਲ੍ਹ ਮਾਨਸੂਨ ਪਹੁੰਚ ਗਿਆ ਹੈ। ਮੌਸਮ ਵਿਭਾਗ ਅਨੁਸਾਰ ਅੱਜ ਇਹ ਸਾਰੇ 12 ਜ਼ਿਲ੍ਹਿਆਂ ਤੱਕ ਪਹੁੰਚ ਸਕਦਾ ਹੈ। ਪਰ ਮਾਨਸੂਨ ਦੀ ਐਂਟਰੀ ਨਾਲ ਇਹ ਕਮਜ਼ੋਰ ਪੈਣਾ ਸ਼ੁਰੂ ਹੋ ਗਿਆ ਹੈ। ਹਾਲਾਂਕਿ ਊਨਾ ਦੇ ਭਰਵਾਈ ਅਤੇ ਸ਼ਿਮਲਾ ‘ਚ ਮਾਨਸੂਨ ਨੇ ਜ਼ੋਰਦਾਰ ਐਂਟਰੀ ਕੀਤੀ ਹੈ।ਭਰਵਾਈ ਵਿੱਚ ਪਿਛਲੇ 24 ਘੰਟਿਆਂ ਦੌਰਾਨ 70 ਮਿਲੀਮੀਟਰ ਮੀਂਹ ਦਰਜ ਕੀਤਾ ਗਿਆ। ਸ਼ਿਮਲਾ ਵਿੱਚ ਵੀ ਰਾਤ 10 ਵਜੇ ਤੋਂ ਲਗਾਤਾਰ ਤਿੰਨ ਘੰਟੇ ਤੱਕ ਭਾਰੀ ਮੀਂਹ ਪਿਆ। ਇਸ ਦੇ ਨਾਲ ਹੀ ਸੋਲਨ, ਸਿਰਮੌਰ, ਕਾਂਗੜਾ, ਮੰਡੀ ਅਤੇ ਹਮੀਰਪੁਰ ਵਿੱਚ ਵੀ ਹਲਕੀ ਬਾਰਿਸ਼ ਹੋਈ। ਮੌਸਮ ਵਿਭਾਗ (IMD) ਅਨੁਸਾਰ ਅਗਲੇ ਛੇ ਦਿਨਾਂ ਯਾਨੀ 3 ਜੁਲਾਈ ਤੱਕ ਪੂਰੇ ਸੂਬੇ ਵਿੱਚ ਮੀਂਹ ਪੈਣ ਦੀ ਸੰਭਾਵਨਾ ਹੈ। ਇਸ ਦੇ ਮੱਦੇਨਜ਼ਰ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ। ਹਾਲਾਂਕਿ, ਦੋ ਦਿਨ ਪਹਿਲਾਂ, IMD ਨੇ 29 ਅਤੇ 30 ਜੂਨ ਨੂੰ ਭਾਰੀ ਮੀਂਹ ਦਾ ਆਰੇਂਜ ਅਲਰਟ ਜਾਰੀ ਕੀਤਾ ਸੀ। ਪਰ ਹੁਣ ਭਾਰੀ ਬਾਰਿਸ਼ ਦਾ ਆਰੇਂਜ ਅਲਰਟ ਹਟਾ ਦਿੱਤਾ ਗਿਆ ਹੈ ਅਤੇ ਯੈਲੋ ਅਲਰਟ ਜਾਰੀ ਕਰ ਦਿੱਤਾ ਗਿਆ ਹੈ। ਸ਼ਿਮਲਾ ਸਮੇਤ ਸੂਬੇ ਦੇ ਜ਼ਿਆਦਾਤਰ ਇਲਾਕਿਆਂ ‘ਚ ਅੱਜ ਸਵੇਰ ਤੋਂ ਹੀ ਮੌਸਮ ਸਾਫ ਰਿਹਾ। ਮੌਸਮ ਵਿਭਾਗ ਨੇ ਅੱਜ ਤੋਂ ਅਗਲੇ ਛੇ ਦਿਨਾਂ ਤੱਕ ਕਿਨੌਰ ਅਤੇ ਲਾਹੌਲ ਸਪਿਤੀ ਨੂੰ ਛੱਡ ਕੇ 10 ਹੋਰ ਜ਼ਿਲ੍ਹਿਆਂ ਵਿੱਚ ਮੀਂਹ ਲਈ ਯੈਲੋ ਅਲਰਟ ਜਾਰੀ ਕੀਤਾ ਹੈ। ਅੱਜ ਮੀਂਹ ਦੇ ਨਾਲ-ਨਾਲ ਕੁਝ ਥਾਵਾਂ ‘ਤੇ 40 ਤੋਂ 50 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਤੇਜ਼ ਹਵਾਵਾਂ ਚੱਲਣ ਦੀ ਵੀ ਸੰਭਾਵਨਾ ਹੈ। ਆਈਐਮਡੀ ਮੁਤਾਬਕ ਪੱਛਮੀ ਗੜਬੜੀ ਦੇ ਕਮਜ਼ੋਰ ਹੋਣ ਕਾਰਨ ਹੁਣ ਸੰਤਰੀ ਦੀ ਬਜਾਏ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ।

## ਇੰਗਲੈਂਡ ਨੂੰ ਸੈਮੀਫਾਈਨਲ 'ਚ ਹਰਾ ਕੇ ਰੋਣ ਲੱਗੇ ਰੋਹਿਤ ਸ਼ਰਮਾ



ਭਾਰਤ ਨੇ ਟੀ-20 ਵਿਸ਼ਵ ਕੱਪ ਦੇ ਸੈਮੀਫਾਈਨਲ 'ਚ ਇੰਗਲੈਂਡ ਨੂੰ ਹਰਾ ਕੇ ਫਾਈਨਲ 'ਚ ਪ੍ਰਵੇਸ਼ ਕਰ ਲਿਆ ਹੈ ਅਤੇ ਇਸ ਦੇ ਨਾਲ ਹੀ ਟੀਮ ਇੰਡੀਆ ਨੇ ਐਡੀਲੇਡ 'ਚ ਆਪਣੀ 10 ਵਿਕਟਾਂ ਨਾਲ ਮਿਲੀ ਹਾਰ ਦਾ ਬਦਲਾ ਲੈ ਲਿਆ ਹੈ। ਇਸ ਜਿੱਤ ਤੋਂ ਬਾਅਦ ਰੋਹਿਤ ਸ਼ਰਮਾ ਰੋਂਦੇ ਨਜ਼ਰ ਆਏ ਜਿਸ ਤੋਂ ਬਾਅਦ ਵਿਰਾਟ ਕੋਹਲੀ ਨੇ ਉਨ੍ਹਾਂ ਨੂੰ ਦਿਲਾਸਾ ਦਿੱਤਾ।

ਭਾਰਤ ਨੇ ਇੰਗਲੈਂਡ ਨੂੰ ਇੱਕ ਤਰਫਾ ਮੁਕਾਬਲੇ ਵਿੱਚ 68 ਦੌੜਾਂ ਨਾਲ ਹਰਾ ਕੇ ਸੱਤ ਮਹੀਨਿਆਂ ਵਿੱਚ ਆਪਣੇ ਦੂਜੇ ਵਿਸ਼ਵ ਕੱਪ ਫਾਈਨਲ ਲਈ ਕੁਆਲੀਫਾਈ ਕੀਤਾ। ਰੋਹਿਤ ਨੇ ਧੀਰਜ ਬਣਾਈ ਰੱਖਿਆ। ਭਾਰਤ ਨੇ 172 ਦੌੜਾਂ ਦੇ ਟੀਚੇ ਦਾ ਪਿੱਛਾ ਕਰਦੇ ਹੋਏ ਇੰਗਲੈਂਡ ਨੂੰ 103 ਦੌੜਾਂ 'ਤੇ ਆਊਟ ਕਰ ਦਿੱਤਾ ਅਤੇ ਇਕ ਦੂਜੇ ਨਾਲ ਹੱਥ ਮਿਲਾਉਣ ਅਤੇ ਗੱਲਬਾਤ ਕਰਨ ਤੋਂ ਬਾਅਦ ਰੋਹਿਤ ਚੁੱਪਚਾਪ ਡਰੈਸਿੰਗ ਰੂਮ ਦੀ ਬਾਲਕੋਨੀ 'ਤੇ ਬੈਠ ਗਏ ਅਤੇ ਆਪਣੇ ਵਿਚਾਰਾਂ ਵਿਚ ਗੁਆਚ ਗਏ। ਰੋਹਿਤ ਦੇ ਸਾਥੀ ਵਿਰਾਟ ਕੋਹਲੀ ਨੇ ਆਪਣੇ ਕਪਤਾਨ ਦੇ ਚਿਹਰੇ 'ਤੇ ਮੁਸਕਾਨ ਲਿਆਉਣ ਦੀ ਕੋਸ਼ਿਸ਼ ਕੀਤੀ। ਪਰ ਅਜਿਹਾ ਨਹੀਂ ਹੋ ਸਕਿਆ। ਰੋਹਿਤ ਉਸ ਕੁਰਸੀ 'ਤੇ ਬੈਠ ਗਏ, ਉਨ੍ਹਾਂ ਦਾ ਧਿਆਨ ਪਹਿਲਾਂ ਹੀ ਸ਼ਨੀਵਾਰ ਨੂੰ ਦੱਖਣੀ ਅਫਰੀਕਾ ਖਿਲਾਫ ਫਾਈਨਲ 'ਤੇ ਸੀ।

ਸਾਬਕਾ ਭਾਰਤੀ ਮੁੱਖ ਕੋਚ ਰਵੀ ਸ਼ਾਸਤਰੀ ਨੇ ਕੁਮੈਂਟਰੀ 'ਚ ਭਾਰਤੀ ਕਪਤਾਨ ਦੇ ਮੂਡ ਨੂੰ ਚੰਗੀ ਤਰ੍ਹਾਂ ਬਿਆਨ ਕਰਦੇ ਹੋਏ ਕਿਹਾ, 'ਤੁਸੀਂ ਰੋਹਿਤ ਸ਼ਰਮਾ ਦੇ ਚਿਹਰੇ 'ਤੇ ਰਾਹਤ ਦੇਖ ਸਕਦੇ ਹੋ। ਉਸ ਕੁਰਸੀ 'ਤੇ ਬੈਠੇ ਹੋਏ। ਉਹ ਕੀ ਸੋਚ ਰਹੇ ਹੋਣਗੇ? ਮੈਂ ਤੁਹਾਨੂੰ ਦੱਸਦਾ ਹਾਂ...ਉਹ ਪਹਿਲਾਂ ਹੀ ਬ੍ਰਿਜਟਾਊਨ ਨੂੰ ਦੇਖ ਰਹੇ ਹੈ। ਸ਼ਨੀਵਾਰ ਨੂੰ ਕੀ ਹੋਣ ਵਾਲਾ ਹੈ... ਫਾਈਨਲ?'

ਪਿਛਲੇ ਸਾਲ, ਰੋਹਿਤ ਨੇ ਭਾਰਤ ਨੂੰ ਤਿੰਨ ਆਈਸੀਸੀ ਈਵੈਂਟਸ ਦੇ ਫਾਈਨਲ ਤੱਕ ਪਹੁੰਚਾਇਆ- ਜੂਨ 2023 ਵਿੱਚ ਵਿਸ਼ਵ ਟੈਸਟ ਚੈਂਪੀਅਨਸ਼ਿਪ, ਨਵੰਬਰ ਵਿੱਚ 50 ਓਵਰਾਂ ਦਾ ਵਿਸ਼ਵ ਕੱਪ ਅਤੇ ਹੁਣ ਇਹ। ਹਾਂ, ਸੱਤ ਮਹੀਨੇ ਪਹਿਲਾਂ ਸਾਰਿਆਂ ਨੇ ਕਿਹਾ ਸੀ ਕਿ ਭਾਰਤ ਲਈ ਵਿਸ਼ਵ ਕੱਪ ਜਿੱਤਣ ਦਾ ਇਹ ਸਭ ਤੋਂ ਵਧੀਆ ਮੌਕਾ ਹੈ, ਪਰ ਹੁਣ ਤੋਂ 36 ਘੰਟੇ ਬਾਅਦ ਜੋ ਹੋਣ ਵਾਲਾ ਹੈ, ਉਸ ਤੋਂ ਵਧੀਆ ਹੋਰ ਕੁਝ ਨਹੀਂ ਹੋ ਸਕਦਾ। ਇਹ ਠੀਕ ਹੈ ਕਿ ਟੂਰਨਾਮੈਂਟ ਦੀਆਂ ਦੋ ਅਜੇਤੂ ਟੀਮਾਂ ਟੀ-20 ਵਿਸ਼ਵ ਕੱਪ ਦਾ ਫਾਈਨਲ ਖੇਡਣ। ਪਰ ਭਾਰਤ ਲਈ ਇੱਕ ਦਹਾਕੇ ਦੇ ਇੰਤਜ਼ਾਰ ਨੂੰ ਖਤਮ ਕਰਨ ਲਈ ਇਸ ਤੋਂ ਵਧੀਆ ਸਮਾਂ ਹੋਰ ਕੋਈ ਨਹੀਂ ਹੋ ਸਕਦਾ।

ਰੋਹਿਤ ਦੀ ਅਗਵਾਈ 'ਚ ਭਾਰਤ ਪਿਛਲੇ 18 ਵਿਸ਼ਵ ਕੱਪ/ਚੈਂਪੀਅਨਸ਼ਿਪ ਮੈਚਾਂ 'ਚੋਂ ਸਿਰਫ ਦੋ ਹੀ ਹਾਰਿਆ ਹੈ। ਇਸ ਦੌਰਾਨ ਕਪਤਾਨ ਨੇ ਅੱਗੇ ਵਧ ਕੇ ਟੀਮ 'ਚ ਸਾਰਿਆਂ ਲਈ ਮਿਸਾਲ ਕਾਇਮ ਕੀਤੀ ਹੈ। ਇਹ ਉਹੀ ਵਿਅਕਤੀ ਹੈ ਜਿਸ ਨੇ ਭਾਰਤ ਦੇ ਟੀ-20 ਕ੍ਰਿਕਟ ਖੇਡਣ ਦੇ ਤਰੀਕੇ ਨੂੰ ਬਦਲਣ ਦਾ ਜ਼ਿੰਮਾ ਲਿਆ। ਉਨ੍ਹਾਂ ਨੂੰ 10 ਨਵੰਬਰ, 2022 ਦੇ ਸ਼ੁਰੂ ਵਿੱਚ ਅਹਿਸਾਸ ਹੋਇਆ ਕਿ ਜੇਕਰ ਭਾਰਤ ਨੂੰ ਵਿਰੋਧੀ ਧਿਰ ਦੁਆਰਾ ਇੱਕ ਗੰਭੀਰ ਅਤੇ ਸ਼ਕਤੀਸ਼ਾਲੀ ਖ਼ਤਰੇ ਵਜੋਂ ਦੇਖਿਆ ਜਾਣਾ ਹੈ, ਤਾਂ ਡਰਪੋਕ ਹੋਣਾ ਅੱਗੇ ਦਾ ਰਸਤਾ ਨਹੀਂ ਹੋ ਸਕਦਾ। ਇਸ ਲਈ ਸਾਵਧਾਨ ਅਤੇ ਸੰਜੀਦਾ ਪਹੁੰਚ ਖਤਮ ਹੋ ਗਈ ਅਤੇ ਇੱਕ ਨਵਾਂ ਬਲੂਪ੍ਰਿੰਟ ਸਾਹਮਣੇ ਆਇਆ। ਰੋਹਿਤ ਨੇ 50 ਓਵਰਾਂ ਦੇ ਵਿਸ਼ਵ ਕੱਪ ਵਿੱਚ ਵੀ ਇਸੇ ਖਾਕੇ ਨਾਲ ਬੱਲੇਬਾਜ਼ੀ ਕੀਤੀ ਅਤੇ ਭਾਰਤ ਨੂੰ ਲਗਭਗ ਜਿੱਤ ਤੱਕ ਪਹੁੰਚਾਇਆ। ਕੁਝ ਮਹੀਨਿਆਂ ਬਾਅਦ ਵੀ, ਕੁਝ ਨਹੀਂ ਬਦਲਿਆ ਹੈ ਅਤੇ ਰੋਹਿਤ ਇਸ ਨਵੇਂ ਭਾਰਤੀ ਟੀ20ਆਈ ਸੈੱਟਅੱਪ ਦਾ ਪ੍ਰਤੀਕ ਬਣੇ ਹੋਏ ਹਨ।

## ਜਸਪ੍ਰੀਤ ਬੁਮਰਾਹ ਨੂੰ ਲੈ ਕੇ ਬੋਲੇ ਕਪਿਲ ਦੇਵ, ਆਖ ਦਿੱਤੀ ਵੱਡੀ ਗੱਲ





ਭਾਰਤ ਦੇ ਪਹਿਲੇ ਵਿਸ਼ਵ ਕੱਪ ਜੇਤੂ ਕਪਤਾਨ ਕਪਿਲ ਦੇਵ ਨੇ ਕਿਹਾ ਕਿ ਜਦੋਂ ਉਹ ਗੇਂਦਬਾਜ਼ੀ ਕਰਦੇ ਸਨ ਉਦੋਂ ਤੋਂ ਤੁਲਨਾ ਕੀਤੀ ਜਾਵੇ ਤਾਂ ਜਸਪ੍ਰੀਤ ਬੁਮਰਾਹ ਉਸ ਨੇ 1000 ਗੁਣਾ ਬਿਹਤਰ ਗੇਂਦਬਾਜ਼ੀ ਹੈ। ਬੁਮਰਾਹ ਮੌਜੂਦਾ ਟੀ-20 ਵਿਸ਼ਵ ਕੱਪ 'ਚ ਸ਼ਾਨਦਾਰ ਪ੍ਰਦਰਸ਼ਨ ਕਰ ਰਹੇ ਹਨ, ਉਨ੍ਹਾਂ ਨੇ ਹੁਣ ਤੱਕ 23 ਓਵਰਾਂ 'ਚ 11 ਵਿਕਟਾਂ ਲਈਆਂ ਹਨ।

ਕਪਿਲ ਨੇ ਕਿਹਾ ਕਿ ਬੁਮਰਾਹ ਮੇਰੇ ਤੋਂ 1000 ਗੁਣਾ ਬਿਹਤਰ ਗੇਂਦਬਾਜ਼ ਹਨ। ਇਹ ਨੌਜਵਾਨ ਸਾਡੇ ਨਾਲੋਂ ਬਹੁਤ ਚੰਗੇ ਹਨ। ਸਾਡੇ ਕੋਲ ਹੋਰ ਤਜਰਬਾ ਸੀ। ਉਹ ਬਿਹਤਰ ਹਨ। ਬੁਮਰਾਹ ਨੂੰ ਇਸ ਸਮੇਂ ਅੰਤਰਰਾਸ਼ਟਰੀ ਕ੍ਰਿਕਟ ਦਾ ਸਭ ਤੋਂ ਵਧੀਆ ਤੇਜ਼ ਗੇਂਦਬਾਜ਼ ਮੰਨਿਆ ਜਾਂਦਾ ਹੈ। ਭਾਰਤ ਲਈ 26 ਟੈਸਟ ਖੇਡ ਚੁੱਕੇ ਇਸ ਗੇਂਦਬਾਜ਼ ਨੇ 159 ਵਿਕਟਾਂ ਲਈਆਂ ਹਨ। ਉਨ੍ਹਾਂ ਨੇ 89 ਵਨਡੇ ਵਿੱਚ 149 ਵਿਕਟਾਂ ਅਤੇ 68 ਟੀ-20 ਅੰਤਰਰਾਸ਼ਟਰੀ ਮੈਚਾਂ ਵਿੱਚ 85 ਵਿਕਟਾਂ ਲਈਆਂ ਹਨ। ਕਪਿਲ ਨੇ 434 ਟੈਸਟ ਵਿਕਟਾਂ ਦੇ ਵਿਸ਼ਵ ਰਿਕਾਰਡ ਦੇ ਨਾਲ ਆਪਣੇ ਕਰੀਅਰ ਦੀ ਸਮਾਪਤੀ ਕੀਤੀ ਅਤੇ ਉਨ੍ਹਾਂ ਨੂੰ ਹੁਣ ਤੱਕ ਦੇ ਸਭ ਤੋਂ ਵਧੀਆ ਆਲਰਾਊਂਡਰਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਉਨ੍ਹਾਂ ਨੇ 253 ਵਨਡੇ ਵਿਕਟਾਂ ਵੀ ਲਈਆਂ ਹਨ।

ਭਾਰਤ ਨੂੰ 1983 ਵਿੱਚ ਪਹਿਲਾ ਵਿਸ਼ਵ ਕੱਪ ਖਿਤਾਬ ਦਿਵਾਉਣ ਵਾਲੇ 65 ਸਾਲਾਂ ਕਪਿਲ ਨੇ ਮੌਜੂਦਾ ਰਾਸ਼ਟਰੀ ਟੀਮ ਦੇ ਫਿਟਨੈੱਸ ਪੱਧਰ ਦੀ ਵੀ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਕਿ ਖਿਡਾਰੀ ਬਹੁਤ ਚੰਗੇ ਹਨ। ਸ਼ਾਨਦਾਰ ਹਨ। ਉਹ ਜ਼ਿਆਦਾ ਫਿੱਟ ਹਨ। ਉਹ ਬਹੁਤ ਮਿਹਨਤੀ ਹਨ। ਉਹ ਸ਼ਾਨਦਾਰ ਹਨ।

ਹਾਲਾਂਕਿ ਟੀਮ ਇੰਡੀਆ ਇਸ ਸਮੇਂ ਇੰਗਲੈਂਡ ਖਿਲਾਫ ਟੀ-20 ਵਿਸ਼ਵ ਕੱਪ 2024 ਦੇ ਸੈਮੀਫਾਈਨਲ ਮੈਚ ਦੀ ਤਿਆਰੀ ਕਰ ਰਹੀ ਹੈ। ਗੁਆਨਾ ਦੇ ਮੈਦਾਨੀ ਇਲਾਕਿਆਂ 'ਚ ਮੀਂਹ ਨੇ ਹਰ ਕਿਸੇ ਦੀ ਚਿੰਤਾ ਵਧਾਈ ਹੋਈ ਹੈ। ਹਾਲਾਂਕਿ ਟੀਮ ਇੰਡੀਆ ਨੂੰ ਇਹ ਵੀ ਫਾਇਦਾ ਹੋ ਸਕਦਾ ਹੈ ਕਿ ਜੇਕਰ ਮੈਚ ਨਹੀਂ ਹੁੰਦਾ ਹੈ ਤਾਂ ਉਹ ਆਪਣੇ ਗਰੁੱਪ 'ਚ ਪਹਿਲੇ ਨੰਬਰ 'ਤੇ ਰਹਿ ਕੇ ਆਪਣੇ ਆਪ ਹੀ ਫਾਈਨਲ ਲਈ ਕੁਆਲੀਫਾਈ ਕਰ ਲਵੇਗੀ। ਇਸ ਸਮੇਂ ਗੁਆਨਾ ਦੇ ਮੈਦਾਨ 'ਤੇ ਕ੍ਰਿਕਟ ਪ੍ਰਸ਼ੰਸਕ ਮੈਚ ਦਾ ਇੰਤਜ਼ਾਰ ਕਰ ਰਹੇ ਹਨ। ਦੋਵੇਂ ਟੀਮਾਂ ਵੀ ਇਸ ਲਈ ਤਿਆਰ ਹਨ।

ਸੰਭਾਵਿਤ ਪਲੇਇੰਗ 11

ਭਾਰਤ: ਰੋਹਿਤ ਸ਼ਰਮਾ (ਕਪਤਾਨ), ਵਿਰਾਟ ਕੋਹਲੀ, ਰਿਸ਼ਭ ਪੰਤ (ਵਿਕਟਕੀਪਰ), ਸੂਰਿਆਕੁਮਾਰ ਯਾਦਵ, ਸ਼ਿਵਮ ਦੂਬੇ, ਹਾਰਦਿਕ ਪੰਡਯਾ, ਰਵਿੰਦਰ ਜਡੇਜਾ, ਅਕਸ਼ਰ ਪਟੇਲ, ਜਸਪ੍ਰੀਤ ਬੁਮਰਾਹ, ਅਰਸ਼ਦੀਪ ਸਿੰਘ, ਕੁਲਦੀਪ ਯਾਦਵ।

ਇੰਗਲੈਂਡ: ਫਿਲ ਸਾਲਟ, ਜੋਸ ਬਟਲਰ (ਕਪਤਾਨ ਅਤੇ ਵਿਕਟਕੀਪਰ), ਜੌਨੀ ਬੇਅਰਸਟੋ, ਹੈਰੀ ਬਰੂਕ, ਮੋਇਨ ਅਲੀ, ਲਿਆਮ ਲਿਵਿੰਗਸਟੋਨ, ਸੈਮ ਕੁਰਾਨ, ਕ੍ਰਿਸ ਜਾਰਡਨ, ਜੋਫਰਾ ਆਰਚਰ, ਰੀਸ ਟੋਪਲੇ, ਆਦਿਲ ਰਾਸ਼ਿਦ।

## ਟੂਰਨਾਮੈਂਟ ਪੂਰੀ ਤਰ੍ਹਾਂ ਨਾਲ ਭਾਰਤ ਦੇ ਹਿਸਾਬ ਨਾਲ ਬਣਾਇਆ ਗਿਆ



ਇੰਗਲੈਂਡ ਦੇ ਸਾਬਕਾ ਕਪਤਾਨ ਮਾਈਕਲ ਵਾਨ ਦਾ ਮੰਨਣਾ ਹੈ ਕਿ ਮੌਜੂਦਾ ਟੀ-20 ਵਿਸ਼ਵ ਕੱਪ 'ਪੂਰੀ ਤਰ੍ਹਾਂ ਭਾਰਤ ਦੇ ਹਿਸਾਬ ਨਾਲ ਤਿਆਰ ਕੀਤਾ ਗਿਆ ਹੈ' ਅਤੇ ਵਿਸ਼ਵ ਸੰਸਥਾ ਆਈ. ਸੀ. ਸੀ. ਨੂੰ ਦੂਜੇ ਦੇਸ਼ਾਂ ਦੇ ਪ੍ਰਤੀ ਥੋੜ੍ਹਾ ਨਿਰਪੱਖ ਹੋਣਾ ਚਾਹੀਦਾ ਹੈ ਕਿਉਂਕਿ ਇਹ ਸਿਰਫ ਵਪਾਰਕ ਲਾਭ ਲਈ ਕਰਵਾਈ ਜਾਣ ਵਾਲੀ ਦੋ-ਪੱਖੀ ਸੀਰੀਜ਼ ਨਹੀਂ ਹੈ। ਵਾਨ ਅਕਸਰ ਅੰਤਰਰਾਸ਼ਟਰੀ ਕ੍ਰਿਕਟ 'ਚ ਆਪਣੀ ਤਾਕਤ ਦਿਖਾਉਣ ਲਈ ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀ. ਸੀ. ਸੀ. ਆਈ.) ਅਤੇ ਭਾਰਤ ਦੀ ਆਲੋਚਨਾ ਕਰਦੇ ਰਹਿੰਦੇ ਹਨ। 49 ਸਾਲਾ ਵਾਨ ਨੇ ਆਸਟ੍ਰੇਲੀਆ ਦੇ ਮਹਾਨ ਖਿਡਾਰੀ ਐਡਮ ਗਿਲਕ੍ਰਿਸਟ ਨਾਲ ਕਿਹਾ ਕਿ ਇਹ ਉਨ੍ਹਾਂ ਦਾ ਟੂਰਨਾਮੈਂਟ ਹੈ, ਕੀ ਅਜਿਹਾ ਨਹੀਂ ਹੈ? ਇਹ ਅਸਲ 'ਚ ਅਜਿਹਾ ਹੈ। ਤੁਸੀਂ ਜਾਣਦੇ ਹੋ। ਉਹ ਜਦੋਂ ਚਾਹੁਣ ਖੇਡ ਸਕਦੇ ਹਨ, ਉਨ੍ਹਾਂ ਨੂੰ ਪਤਾ ਹੈ ਕਿ ਉਨ੍ਹਾਂ ਦਾ ਸੈਮੀਫਾਈਨਲ ਕਿੱਥੇ ਹੈ, ਉਹ ਹਰ ਮੈਚ ਸਵੇਰੇ ਖੇਡਦੇ ਹਨ ਤਾਂ ਕਿ ਭਾਰਤ ਦੇ ਲੋਕ ਉਨ੍ਹਾਂ ਨੂੰ ਰਾਤ ਨੂੰ ਟੀ. ਵੀ. 'ਤੇ ਦੇਖ ਸਕਣ। ਵਾਨ ਦੀ ਸ਼ਿਕਾਇਤ ਹੈ ਕਿ ਭਾਰਤ ਨੂੰ ਆਪਣੇ ਸਾਰੇ ਮੈਚ ਸਵੇਰੇ ਖੇਡਣ ਲਈ ਮਿਲੇ, ਜੋ ਭਾਰਤੀ ਦਰਸ਼ਕਾਂ ਦੇ ਅਨੁਕੂਲ ਹਨ ਕਿਉਂਕਿ ਉਹ ਸ਼ਾਮ ਨੂੰ ਮੈਚ ਦੇਖਦੇ ਹਨ। ਉਨ੍ਹਾਂ ਅੰਤਰਰਾਸ਼ਟਰੀ ਕ੍ਰਿਕਟ ਕੌਂਸਲ (ਆਈ. ਸੀ. ਸੀ.) 'ਤੇ ਭਾਰਤ ਦੀ ਵਿੱਤੀ ਤਾਕਤ ਅੱਗੇ ਝੁਕਣ ਲਈ ਨਿਸ਼ਾਨਾ ਵਿੰਨ੍ਹਿਆ।

ਵਾਨ ਨੇ ਕਿਹਾ,'ਮੈਂ ਜਾਣਦਾ ਹਾਂ ਕਿ ਕ੍ਰਿਕਟ ਦੀ ਦੁਨੀਆ 'ਚ ਪੈਸਾ ਬਹੁਤ ਮਹੱਤਵਪੂਰਨ ਹੈ ਅਤੇ ਮੈਂ ਇਸ ਨੂੰ ਦੋ-ਪੱਖੀ ਸੀਰੀਜ਼ 'ਚ ਸਮਝਦਾ ਹਾਂ ਪਰ ਜਦੋਂ ਤੁਸੀਂ ਵਿਸ਼ਵ ਕੱਪ 'ਚ ਖੇਡਦੇ ਹੋ ਤਾਂ ਆਈ. ਸੀ. ਸੀ. ਨੂੰ ਸਾਰਿਆਂ ਪ੍ਰਤੀ ਥੋੜ੍ਹਾ ਨਿਰਪੱਖ ਹੋਣਾ ਚਾਹੀਦਾ ਹੈ। ਉਨ੍ਹਾਂ ਦੋਸ਼ ਲਗਾਇਆ,'ਜਦੋਂ ਤੁਸੀਂ ਵਿਸ਼ਵ ਕੱਪ ਖੇਡਦੇ ਹੋ, ਤਾਂ ਇਸ ਟੂਰਨਾਮੈਂਟ 'ਚ ਕਿਸੇ ਇਕ ਟੀਮ ਪ੍ਰਤੀ ਕੋਈ ਹਮਦਰਦੀ ਜਾਂ ਝੁਕਾਅ ਨਹੀਂ ਹੋ ਸਕਦਾ ਪਰ ਭਾਰਤ ਲਈ ਇਸ ਟੂਰਨਾਮੈਂਟ ਨੂੰ ਪੂਰੀ ਤਰ੍ਹਾਂ ਨਾਲ ਤਿਆਰ ਕੀਤਾ ਗਿਆ ਹੈ। ਉਨ੍ਹਾਂ ਦਾ ਇਹ ਵੀ ਮੰਨਣਾ ਹੈ ਕਿ ਭਾਰਤ ਵਰਗੀ ਸਮਰੱਥ ਟੀਮ ਨੂੰ ਕ੍ਰਿਕਟ ਮੈਚ ਜਿੱਤਣ ਲਈ ਕਿਸੇ ਦੇ ਪੱਖ ਦੀ ਲੋੜ ਨਹੀਂ ਹੁੰਦੀ। ਭਾਰਤ ਨੇ ਇਕ ਵੀ ਰਾਤ ਦਾ ਮੈਚ ਨਹੀਂ ਖੇਡਿਆ ਅਤੇ ਉਹ ਇਕੋ-ਇਕ ਟੀਮ ਸੀ ਜਿਸ ਦਾ ਵਰਗੀਕਰਨ (ਏ1) ਸਥਾਈ ਸੀ ਅਤੇ ਸੈਮੀਫਾਈਨਲ ਸਥਾਨ (ਗੁਆਨਾ) ਵੀ ਪੱਕਾ ਸੀ।

ਸਥਾਨ ਦੀ ਚੋਣ 'ਤੇ ਸਵਾਲ ਉਠਾਉਂਦੇ ਹੋਏ, ਉਨ੍ਹਾਂ ਕਿਹਾ,'ਭਾਰਤੀ ਸਮਰਥਕਾਂ ਦਾ ਮੰਨਣਾ ਹੈ ਕਿ ਕਾਗਜ਼ਾਂ 'ਤੇ ਉਨ੍ਹਾਂ ਕੋਲ ਸ਼ਾਇਦ ਸਭ ਤੋਂ ਵਧੀਆ ਟੀਮ ਹੈ, ਇਸ ਲਈ ਉਨ੍ਹਾਂ ਨੂੰ ਕੁਝ ਕਰਨ ਦੀ ਜ਼ਰੂਰਤ ਨਹੀਂ ਹੈ। ਉਹ ਰਾਤ ਦਾ ਮੈਚ ਜਿੱਤ ਸਕਦੇ ਹਨ, ਉਨ੍ਹਾਂ ਨੂੰ ਗੁਆਨਾ 'ਚ ਸੈਮੀਫਾਈਨਲ ਖੇਡਣ ਦੀ ਜ਼ਰੂਰਤ ਨਹੀਂ ਹੈ ਕਿਉਂਕਿ ਜੂਨ 'ਚ 30 'ਚੋਂ 24 ਦਿਨ ਮੀਂਹ ਪੈਂਦਾ ਹੈ। ਵਾਨ ਨੇ ਇੰਨੇ ਵੱਡੇ ਟੂਰਨਾਮੈਂਟ ਲਈ 'ਰਿਜ਼ਰਵ ਡੇ' ਨਾ ਹੋਣ 'ਤੇ ਵੀ ਸਵਾਲ ਉਠਾਏ ਹਨ। ਉਨ੍ਹਾਂ ਕਿਹਾ, 'ਕੋਈ ਰਿਜ਼ਰਵ ਡੇ ਕਿਉਂ ਨਹੀਂ ਹੈ? ਮੈਂ ਟੂਰਨਾਮੈਂਟ ਦੇ ਨਿਯਮਾਂ ਅਤੇ ਦਿਸ਼ਾ-ਨਿਰਦੇਸ਼ਾਂ ਬਾਰੇ ਪੜ੍ਹ ਰਿਹਾ ਸੀ। ਇਸ 'ਚ ਅਸਲ 'ਚ ਭਾਰਤ ਬਾਰੇ ਲਿਖਿਆ ਗਿਆ ਹੈ। ਨਿਯਮ ਪੁਸਤਕ 'ਚ ਭਾਰਤੀ ਟੀਮ ਬਾਰੇ ਟਿੱਪਣੀਆਂ ਹਨ, ਜੋ ਮੇਰੇ ਖਿਆਲ 'ਚ ਦੋ-ਪੱਖੀ ਮੈਚਾਂ ਲਈ ਹਨ ਨਾ ਕਿ ਵਿਸ਼ਵ ਕੱਪ ਲਈ।

ਗਿਲਕ੍ਰਿਸਟ ਨੇ ਵੀ ਵਾਨ ਨਾਲ ਸਹਿਮਤੀ ਪ੍ਰਗਟਾਈ ਕਿ ਬਹੁਤ ਸਾਰੇ ਭਾਰਤੀ ਪ੍ਰਸ਼ੰਸਕਾਂ ਨੂੰ ਲੱਗਦਾ ਹੈ ਕਿ ਪ੍ਰੋਗਰਾਮ ਨਾਲ ਸਮਝੌਤਾ ਕੀਤਾ ਗਿਆ ਹੈ। ਆਸਟ੍ਰੇਲੀਆ ਦੇ ਸਾਬਕਾ ਵਿਕਟਕੀਪਰ ਬੱਲੇਬਾਜ਼ ਨੇ ਕਿਹਾ,'ਕੁਝ ਜਨੂੰਨੀ ਕ੍ਰਿਕਟ ਸਮਰਥਕ ਇਸ ਗੱਲ ਨੂੰ ਚੰਗੀ ਤਰ੍ਹਾਂ ਜਾਣਦੇ ਹਨ ਅਤੇ ਇਸ ਗੱਲ ਨਾਲ ਸਹਿਮਤ ਹਨ ਕਿ ਪ੍ਰੋਗਰਾਮ 'ਚ ਕੁਝ ਹੱਦ ਤੱਕ ਸਮਝੌਤਾ ਕੀਤਾ ਗਿਆ ਹੈ ਪਰ ਤੁਸੀਂ ਸਹੀ ਹੋ। ਬਹੁਤ ਸਾਰੇ ਭਾਰਤੀ ਸਮਰਥਕ ਅਜਿਹੇ ਹਨ ਜੋ ਇੰਨੇ ਭੋਲੇ ਨਹੀਂ ਹਨ ਕਿ ਇਹ ਨਾ ਦੇਖਣ।

ਇਥੇ ਇਹ ਵੀ ਦੱਸਿਆ ਜਾਣਾ ਚਾਹੀਦਾ ਹੈ ਕਿ ਸਥਾਨ ਦੀ ਪ੍ਰੀ-ਸੀਡਿੰਗ ਜਾਂ ਪ੍ਰੀ-ਫਿਕਸਿੰਗ ਆਈ. ਸੀ. ਸੀ. ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਪ੍ਰੰਪਰਾ ਰਹੀ ਹੈ ਜਿਸ ਨੇ ਇਕ ਤੈਅ ਸਮੇਂ ਦੌਰਾਨ ਆਸਟ੍ਰੇਲੀਆ, ਇੰਗਲੈਂਡ ਅਤੇ ਨਿਊਜ਼ੀਲੈਂਡ ਵਰਗੇ ਦੇਸ਼ਾਂ ਦੀ ਮਦਦ ਕੀਤੀ ਕਿਉਂਕਿ ਆਈ. ਸੀ. ਸੀ. ਦੇ ਮਾਮਲਿਆਂ 'ਚ ਉਨ੍ਹਾਂ ਦਾ ਸਭ ਤੋਂ ਜ਼ਿਆਦਾ ਦਖਲ ਹੁੰਦਾ ਸੀ। ਇਥੋਂ ਤੱਕ ਕਿ ਵੈਸਟਇੰਡੀਜ਼ ਬੋਰਡ, ਜਿਸ ਦੇ ਅਧਿਕਾਰੀ ਇੰਗਲੈਂਡ ਅਤੇ ਵੇਲਜ਼ ਕ੍ਰਿਕਟ ਬੋਰਡ ਦੀ ਇੱਛਾ ਅਨੁਸਾਰ ਚਲਦੇ ਸਨ। ਉਦਾਹਰਨ ਲਈ 1992 'ਚ, ਇਹ ਪਹਿਲਾਂ ਹੀ ਤੈਅ ਕੀਤਾ ਗਿਆ ਸੀ ਕਿ ਦੋ ਸਹਿ-ਮੇਜ਼ਬਾਨ ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਆਪਣੇ ਘਰੇਲੂ ਮੈਦਾਨ ਸਿਡਨੀ ਅਤੇ ਆਕਲੈਂਡ 'ਚ ਸੈਮੀਫਾਈਨਲ ਖੇਡਣਗੇ ਜਦੋਂ ਤੱਕ ਉਹ ਇਕ ਦੂਜੇ ਦਾ ਸਾਹਮਣਾ ਨਹੀਂ ਕਰਦੇ। 1996 'ਚ ਪਾਕਿਸਤਾਨ ਨੂੰ ਘਰੇਲੂ ਕੁਆਰਟਰ ਫਾਈਨਲ ਖੇਡਣ ਦਾ ਵਾਅਦਾ ਕੀਤਾ ਗਿਆ ਸੀ, ਜਦੋਂ ਤੱਕ ਉਹ ਭਾਰਤ ਵਿਰੁੱਧ ਨਹੀਂ ਖੇਡਦੇ (ਜੋ ਆਖਿਰਕਾਰ ਬੈਂਗਲੁਰੂ 'ਚ ਹੋਇਆ ਸੀ)। 2011 'ਚ ਸਹਿ-ਮੇਜ਼ਬਾਨ ਭਾਰਤ, ਸ਼੍ਰੀਲੰਕਾ ਅਤੇ ਬੰਗਲਾਦੇਸ਼ ਨੂੰ ਘਰੇਲੂ ਨਾਕ-ਆਊਟ ਮੈਚ ਖੇਡਣ ਦਾ ਵਾਅਦਾ ਕੀਤਾ ਗਿਆ ਸੀ। ਇਸ ਲਈ ਇਹ ਸਪੱਸ਼ਟ ਹੈ ਕਿ ਪਿਛਲੇ ਕੁਝ ਸਾਲਾਂ 'ਚ ਟੀ-20 ਵਿਸ਼ਵ ਕੱਪ 'ਚ ਸਾਰੀਆਂ ਟੀਮਾਂ ਲਈ ਪਹਿਲਾਂ ਤੋਂ ਤੈਅ ਦਰਜਾਬੰਦੀ ਰਹੀ ਹੈ।

## ਰੋਹਿਤ-ਸੂਰਿਆ ਤੋਂ ਬਾਅਦ ਹਾਰਦਿਕ ਪੰਡਯਾ ਦਾ ਸ਼ਾਨਦਾਰ ਕੈਮਿਓ



ਗੁਆਨਾ ਵਿਖੇ ਭਾਰਤ ਅਤੇ ਇੰਗਲੈਂਡ ਵਿਚਾਲੇ ਟੀ-20 ਵਿਸ਼ਵ ਕੱਪ 2024 ਦਾ ਸੈਮੀਫਾਈਨਲ ਮੁਕਾਬਲਾ ਖੇਡਿਆ ਜਾ ਰਿਹਾ ਹੈ। ਇੰਗਲੈਂਡ ਦੇ ਕਪਤਾਨ ਜਾਸ ਬਟਲਰ ਨੇ ਟਾਸ ਜਿੱਤ ਕੇ ਪਹਿਲਾਂ ਗੇਂਦਬਾਜ਼ੀ ਕਰਨ ਦਾ ਫ਼ੈਸਲਾ ਕੀਤਾ।

ਪਹਿਲਾਂ ਬੱਲੇਬਾਜ਼ੀ ਕਰਨ ਉਤਰੀ ਭਾਰਤ ਦੀ ਟੀਮ ਦੀ ਸ਼ੁਰੂਆਤ ਖ਼ਰਾਬ ਰਹੀ ਤੇ ਵਿਰਾਟ ਕੋਹਲੀ ਇਕ ਵਾਰ ਫ਼ਿਰ ਫਲਾਪ ਰਹੇ। ਉਹ 9 ਗੇਂਦਾਂ 'ਚ 9 ਦੌੜਾਂ ਬਣਾ ਕੇ ਆਊਟ ਹੋ ਗਏ। ਇਸ ਤੋਂ ਬਾਅਦ ਰਿਸ਼ਭ ਪੰਤ ਵੀ 4 ਗੇਂਦਾਂ 'ਚ 6 ਦੌੜਾਂ ਬਣਾ ਕੇ ਪੈਵੇਲੀਅਨ ਪਰਤ ਗਏ। ਕਪਤਾਨ ਰੋਹਿਤ ਸ਼ਰਮਾ ਨੇ ਇਕ ਵਾਰ ਫਿਰ ਤੋਂ ਕਪਤਾਨੀ ਪਾਰੀ ਖੇਡੀ ਤੇ ਉਨ੍ਹਾਂ ਨੇ ਸੂਰਿਆਕੁਮਾਰ ਯਾਦਵ ਨਾਲ ਮਿਲ ਕੇ ਸਕੋਰਬੋਰਡ ਨੂੰ ਤੇਜ਼ੀ ਨਾਲ ਅੱਗੇ ਵਧਾਉਣ ਦਾ ਕੰਮ ਜਾਰੀ ਰੱਖਿਆ। ਉਨ੍ਹਾਂ ਨੇ 39 ਗੇਂਦਾਂ 'ਚ 6 ਚੌਕਿਆਂ ਤੇ 2 ਛੱਕਿਆਂ ਦੀ ਮਦਦ ਨਾਲ 57 ਦੌੜਾਂ ਦੀ ਪਾਰੀ ਖੇਡੀ। ਉਹ ਆਦਿਲ ਰਾਸ਼ਿਦ ਦੀ ਗੇਂਦ 'ਤੇ ਕਲੀਨ ਬੋਲਡ ਹੋ ਗਏ। ਇਸ ਤੋਂ ਬਾਅਦ ਸੂਰਿਆਕੁਮਾਰ ਯਾਦਵ ਨੇ ਰੋਹਿਤ ਦਾ ਚੰਗਾ ਸਾਥ ਦਿੱਤਾ ਤੇ 36 ਗੇਂਦਾਂ 'ਚ 47 ਦੌੜਾਂ ਬਣਾ ਕੇ ਜੋਫਰਾ ਆਰਚਰ ਦੀ ਗੇਂਦ 'ਤੇ ਆਊਟ ਹੋ ਗਿਆ। ਹਾਰਦਿਕ ਪੰਡਯਾ ਨੇ ਆਉਂਦੇ ਹੀ ਕੁਝ ਚੰਗੇ ਸ਼ਾਟ ਖੇਡੇ ਤੇ ਕ੍ਰਿਸ ਜਾਰਡਨ ਦੇ ਓਵਰ 'ਚ ਲਗਾਤਾਰ 2 ਛੱਕੇ ਜੜੇ, ਪਰ ਤੀਜਾ ਛੱਕਾ ਲਗਾਉਣ ਦੇ ਚੱਕਰ 'ਚ ਉਹ ਬਾਊਂਡਰੀ 'ਤੇ ਫੜਿਆ ਗਿਆ। ਉਸ ਨੇ 13 ਗੇਂਦਾਂ 'ਚ 23 ਦੌੜਾਂ ਦੀ ਪਾਰੀ ਖੇਡੀ। ਸ਼ਿਵਮ ਦੂਬੇ ਆਉਂਦੇ ਹੀ ਪਹਿਲੀ ਗੇਂਦ 'ਤੇ ਜਾਰਡਨ ਦੀ ਗੇਂਦ 'ਤੇ ਕੀਪਰ ਹੱਥੋਂ ਕੈਚ ਆਊਟ ਹੋ ਗਿਆ। ਇਸ ਤੋਂ ਬਾਅਦ ਅੰਤ 'ਚ ਰਵਿੰਦਰ ਜਡੇਜਾ ਤੇ ਅਕਸ਼ਰ ਪਟੇਲ ਨੇ ਸ਼ਾਨਦਾਰ ਬੱਲੇਬਾਜ਼ੀ ਕੀਤੀ ਤੇ ਦੋਵਾਂ ਨੇ ਟੀਮ ਨੂੰ ਇਕ ਸਨਮਾਨਜਨਕ ਸਕੋਰ ਤੱਕ ਪਹੁੰਚਾਇਆ। ਭਾਰਤ ਨੇ 20 ਓਵਰਾਂ 'ਚ 7 ਵਿਕਟਾਂ ਗੁਆ ਕੇ 171 ਦੌੜਾਂ ਬਣਾਈਆਂ ਹਨ। ਇਸ ਤਰ੍ਹਾਂ ਇੰਗਲੈਂਡ ਨੂੰ ਜਿੱਤਣ ਲਈ 172 ਦੌੜਾਂ ਬਣਾਉਣੀਆਂ ਪੈਣਗੀਆਂ।

## ਬੁਮਰਾਹ ਮੇਰੇ ਨਾਲੋਂ 1000 ਗੁਣਾ ਬਿਹਤਰ ਗੇਂਦਬਾਜ਼



ਭਾਰਤ ਦੇ ਪਹਿਲੇ ਵਿਸ਼ਵ ਕੱਪ ਜੇਤੂ ਕਪਤਾਨ ਕਪਿਲ ਦੇਵ ਨੇ ਕਿਹਾ ਕਿ ਜੇਕਰ ਉਸ ਸਮੇਂ ਦੀ ਤੁਲਨਾ ਕੀਤੀ ਜਾਵੇ ਜਦੋਂ ਉਹ ਗੇਂਦਬਾਜ਼ੀ ਕਰਦਾ ਸੀ ਤਾਂ ਜਸਪ੍ਰੀਤ ਬੁਮਰਾਹ ਉਸ ਤੋਂ 1000 ਗੁਣਾ ਬਿਹਤਰ ਗੇਂਦਬਾਜ਼ ਹੈ। ਬੁਮਰਾਹ ਮੌਜੂਦਾ ਟੀ-20 ਵਿਸ਼ਵ ਕੱਪ 'ਚ ਸ਼ਾਨਦਾਰ ਪ੍ਰਦਰਸ਼ਨ ਕਰ ਰਿਹਾ ਹੈ, ਹੁਣ ਤੱਕ ਉਹ 23 ਓਵਰਾਂ 'ਚ 11 ਵਿਕਟਾਂ ਲੈ ਚੁੱਕਾ ਹੈ।

ਕਪਿਲ ਨੇ ਪੀਟੀਆਈ ਵੀਡੀਓ ਨੂੰ ਦੱਸਿਆ, ''ਬੁਮਰਾਹ ਮੇਰੇ ਨਾਲੋਂ 1000 ਗੁਣਾ ਬਿਹਤਰ ਗੇਂਦਬਾਜ਼ ਹੈ। ਇਹ ਨੌਜਵਾਨ ਸਾਡੇ ਨਾਲੋਂ ਬਹੁਤ ਚੰਗੇ ਹਨ। ਸਾਡੇ ਕੋਲ ਹੋਰ ਤਜਰਬਾ ਸੀ। ਉਹ ਬਿਹਤਰ ਹਨ। ਬੁਮਰਾਹ ਨੂੰ ਇਸ ਸਮੇਂ ਅੰਤਰਰਾਸ਼ਟਰੀ ਕ੍ਰਿਕਟ ਦਾ ਸਭ ਤੋਂ ਵਧੀਆ ਤੇਜ਼ ਗੇਂਦਬਾਜ਼ ਮੰਨਿਆ ਜਾਂਦਾ ਹੈ। ਭਾਰਤ ਲਈ 26 ਟੈਸਟ ਖੇਡ ਚੁੱਕੇ ਇਸ ਗੇਂਦਬਾਜ਼ ਨੇ 159 ਵਿਕਟਾਂ ਲਈਆਂ ਹਨ। ਉਸ ਨੇ 89 ਇੱਕ ਰੋਜ਼ਾ ਮੈਚਾਂ ਵਿੱਚ 149 ਵਿਕਟਾਂ ਅਤੇ 68 ਟੀ-20 ਅੰਤਰਰਾਸ਼ਟਰੀ ਮੈਚਾਂ ਵਿੱਚ 85 ਵਿਕਟਾਂ ਲਈਆਂ ਹਨ।

ਕਪਿਲ ਨੇ 434 ਟੈਸਟ ਵਿਕਟਾਂ ਦੇ ਵਿਸ਼ਵ ਰਿਕਾਰਡ ਦੇ ਨਾਲ ਆਪਣੇ ਕਰੀਅਰ ਦੀ ਸਮਾਪਤੀ ਕੀਤੀ ਅਤੇ ਉਸਨੂੰ ਹੁਣ ਤੱਕ ਦੇ ਸਭ ਤੋਂ ਵਧੀਆ ਆਲਰਾਊਂਡਰਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਉਸ ਨੇ 253 ਵਨਡੇ ਵਿਕਟ ਵੀ ਲਏ ਹਨ। 65 ਸਾਲਾ ਕਪਿਲ, ਜਿਸ ਨੇ 1983 ਵਿੱਚ ਭਾਰਤ ਨੂੰ ਆਪਣਾ ਪਹਿਲਾ ਵਿਸ਼ਵ ਕੱਪ ਖਿਤਾਬ ਦਿਵਾਇਆ ਸੀ, ਨੇ ਮੌਜੂਦਾ ਰਾਸ਼ਟਰੀ ਟੀਮ ਦੇ ਫਿਟਨੈਸ ਪੱਧਰ ਦੀ ਵੀ ਸ਼ਲਾਘਾ ਕੀਤੀ। ਉਸ ਨੇ ਕਿਹਾ, ''ਖਿਡਾਰੀ ਬਹੁਤ ਚੰਗੇ ਹਨ। ਸ਼ਾਨਦਾਰ ਹਨ। ਉਹ ਜ਼ਿਆਦਾ ਫਿੱਟ ਹਨ। ਉਹ ਬਹੁਤ ਮਿਹਨਤੀ ਹਨ। ਉਹ ਸ਼ਾਨਦਾਰ ਹਨ।''

# 487 ਨਵੇਂ ਮੈਂਬਰਾਂ ਨੂੰ ਆਸਕਰ ਅਕੈਡਮੀ 'ਚ ਸ਼ਾਮਲ ਹੋਣ ਦਾ ਸੱਦਾ



ਅਦਾਕਾਰਾ ਸ਼ਬਾਨਾ ਆਜ਼ਮੀ, 'ਆਰ. ਆਰ. ਆਰ.' ਦੇ ਨਿਰਦੇਸ਼ਕ ਐੱਸ. ਐੱਸ. ਰਾਜਾਮੌਲੀ, ਨਿਰਮਾਤਾ ਰਿਤੇਸ਼ ਸਿਧਵਾਨੀ ਅਤੇ ਪ੍ਰਸਿੱਧ ਸਿਨੇਮੈਟੋਗ੍ਰਾਫਰ ਰਵੀ ਵਰਮਨ ਉਨ੍ਹਾਂ 487 ਨਵੇਂ ਮੈਂਬਰਾਂ 'ਚ ਸ਼ਾਮਲ ਹਨ, ਜਿਨ੍ਹਾਂ ਨੂੰ ਅਕੈਡਮੀ ਆਫ ਮੋਸ਼ਨ ਪਿਕਚਰ ਆਰਟਸ ਐਂਡ ਸਾਇੰਸਜ਼ ਨੇ ਇਸ ਸਾਲ ਸੱਦਾ ਦਿੱਤਾ ਹੈ। ਅਕੈਡਮੀ ਦੀ ਵੈੱਬਸਾਈਟ 'ਤੇ ਮੰਗਲਵਾਰ ਰਾਤ ਨੂੰ ਜਾਰੀ ਇਕ ਬਿਆਨ ਮੁਤਾਬਕ, ਇਸ ਸੂਚੀ 'ਚ ਉਨ੍ਹਾਂ ਕਲਾਕਾਰਾਂ ਅਤੇ ਸ਼ਖਸੀਅਤਾਂ ਨੂੰ ਸ਼ਾਮਲ ਕੀਤਾ ਗਿਆ ਹੈ, ਜਿਨ੍ਹਾਂ ਨੇ ਥੀਏਟਰ ਮੋਸ਼ਨ ਪਿਕਚਰਜ਼ 'ਚ ਅਪਣੇ ਯੋਗਦਾਨ ਲਈ ਅਪਣੀ ਪਛਾਣ ਬਣਾਈ ਹੈ। ਲਾਸ ਏਂਜਲਸ ਸਥਿਤ ਸੰਸਥਾ ਅਨੁਸਾਰ, ਇਸ ਦੇ ਮੈਂਬਰਾਂ ਦੀ ਚੋਣ ਪੇਸ਼ੇਵਰ ਯੋਗਤਾ ਦੇ ਆਧਾਰ 'ਤੇ ਕੀਤੀ ਜਾਂਦੀ ਹੈ। ਭਾਰਤੀ ਫ਼ਿਲਮ ਇੰਡਸਟਰੀ ਤੋਂ ਏ. ਆਰ. ਰਹਿਮਾਨ, ਅਮਿਤਾਭ ਬੱਚਨ, ਸ਼ਾਹਰੁਖ ਖ਼ਾਨ, ਕਾਜੋਲ ਸੂਰੀਆ, ਵਿਦਿਆ ਬਾਲਨ, ਆਮਿਰ ਖ਼ਾਨ, ਸਲਮਾਨ ਖ਼ਾਨ, ਅਲੀ ਫਜ਼ਲ, ਆਦਿਤਿਆ ਚੋਪੜਾ, ਗੁਨੀਤ ਮੋਂਗਾ, ਰੀਮਾ ਕਾਗਤੀ, ਏਕਤਾ ਕਪੂਰ ਅਤੇ ਸ਼ੋਭਾ ਕਪੂਰ ਪਹਿਲਾਂ ਹੀ ਇਸ ਦੇ ਮੈਂਬਰ ਹਨ।

# ਕਰਨ ਨੇ ਲੰਡਨ 'ਚ ਘੁੰਮਦੇ ਦੀਆਂ ਤਸਵੀਰਾਂ ਕੀਤੀਆਂ ਸ਼ੇਅਰ



ਤੇਜਸਵੀ ਪ੍ਰਕਾਸ਼ ਅਤੇ ਕਰਨ ਕੁੰਦਰਾ ਟੀ.ਵੀ. ਦੇ ਮਸ਼ਹੂਰ ਜੋੜਿਆਂ 'ਚੋਂ ਇਕ ਹੈ। ਅਦਾਕਾਰਾਂ ਦੀਆਂ ਕਈ ਸੋਸ਼ਲ ਮੀਡੀਆ ਪੋਸਟਾਂ ਗਵਾਹੀ ਦੇ ਰਹੀਆਂ ਹਨ ਕਿ ਦੋਵਾਂ ਦਾ ਬ੍ਰੇਕਅੱਪ ਨਹੀਂ ਹੋਇਆ ਹੈ। ਦੋਵਾਂ ਦਾ ਰਿਸ਼ਤਾ ਹੌਲੀ-ਹੌਲੀ ਮਜ਼ਬੂਤ ਹੁੰਦਾ ਜਾ ਰਿਹਾ ਹੈ।ਹਾਲਾਂਕਿ ਪਿਛਲੇ ਦਿਨੀਂ ਅਫਵਾਹਾਂ ਸਨ ਕਿ ਦੋਵਾਂ ਦਾ ਬ੍ਰੇਕਅੱਪ ਹੋ ਗਿਆ ਹੈ। ਦਰਅਸਲ, ਇਨ੍ਹੀਂ ਦਿਨੀਂ ਅਦਾਕਾਰ ਆਪਣੇ-ਆਪਣੇ ਪ੍ਰੋਜੈਕਟਾਂ ਵਿੱਚ ਰੁੱਝੇ ਹੋਏ ਹਨ ਅਤੇ ਸੋਸ਼ਲ ਮੀਡੀਆ 'ਤੇ ਕੁਝ ਵੀ ਪੋਸਟ ਨਹੀਂ ਕਰ ਰਹੇ ਹਨ, ਜਿਸ ਕਾਰਨ ਪ੍ਰਸ਼ੰਸਕ ਅੰਦਾਜ਼ੇ ਲਗਾ ਰਹੇ ਸਨ ਕਿ ਦੋਵਾਂ ਦਾ ਬ੍ਰੇਕਅੱਪ ਹੋ ਗਿਆ ਹੈ। ਇਸ ਨਾਲ ਉਨ੍ਹਾਂ ਦੇ ਪ੍ਰਸ਼ੰਸਕਾਂ ਨੂੰ ਕਾਫੀ ਨਿਰਾਸ਼ਾ ਹੋਈ।ਪਰ ਹੁਣ ਆਖ਼ਰਕਾਰ ਅਦਾਕਾਰਾਂ ਨੇ ਇਸ 'ਤੇ ਪ੍ਰਤੀਕਿਰਿਆ ਦਿੱਤੀ ਹੈ। ਬਿੱਗ ਬੌਸ ਦੇ ਪ੍ਰਤੀਯੋਗੀ ਰਾਜੀਵ ਆਦਤਿਆ ਨੇ ਆਪਣੀ ਇੰਸਟਾ ਸਟੋਰੀ 'ਚ ਇਕ ਵੀਡੀਓ ਸ਼ੇਅਰ ਕੀਤੀ ਹੈ ਜਿਸ ਤੋਂ ਪਤਾ ਚੱਲ ਰਿਹਾ ਹੈ ਕਿ ਅਦਾਕਾਰਾਂ ਦਾ ਬ੍ਰੇਕਅੱਪ ਨਹੀਂ ਹੋਇਆ ਹੈ। ਰਾਜੀਵ ਨੇ ਲੰਡਨ ਤੋਂ ਇਹ ਵੀਡੀਓ ਸ਼ੇਅਰ ਕੀਤੀ ਹੈ ਜਿਸ 'ਚ ਉਨ੍ਹਾਂ ਨਾਲ ਕਰਨ ਅਤੇ ਤੇਜਸਵੀ ਵੀ ਨਜ਼ਰ ਆ ਰਹੇ ਹਨ।ਵੀਡੀਓ 'ਚ ਰਾਜੀਵ ਕਿਸੇ ਚੀਜ਼ 'ਤੇ ਟਿੱਪਣੀ ਕਰਦੇ ਹਨ, ਜਿਸ 'ਤੇ ਕਰਨ ਅਤੇ ਤੇਜਸਵੀ ਜ਼ੋਰ-ਜ਼ੋਰ ਨਾਲ ਹੱਸਣ ਲੱਗਦੇ ਹਨ। ਇਸ ਦੌਰਾਨ ਤੇਜਸਵੀ ਨੇ ਗੁਲਾਬੀ ਰੰਗ ਦੀ ਆਫ ਸ਼ੋਲਡਰ ਡਰੈੱਸ ਪਾਈ ਹੋਈ ਸੀ ਜਦਕਿ ਕਰਨ ਕੁੰਦਰਾ ਕੋ-ਆਰਡ ਸੈੱਟ ਪਹਿਨੇ ਨਜ਼ਰ ਆ ਰਹੇ ਸਨ। ਉਮੀਦ ਹੈ ਕਿ ਪ੍ਰਸ਼ੰਸਕ ਇਸ ਵੀਡੀਓ ਨੂੰ ਦੇਖ ਕੇ ਖੁਸ਼ ਹੋਏ ਹੋਣਗੇ।ਤੁਹਾਨੂੰ ਦੱਸ ਦੇਈਏ ਕਿ ਕਰਨ ਕੁੰਦਰਾ ਅਤੇ ਤੇਜਸਵੀ ਪ੍ਰਕਾਸ਼ ਨੂੰ ਟੀ.ਵੀ. ਦੇ ਸਭ ਤੋਂ ਪਿਆਰੇ ਜੋੜਿਆਂ 'ਚ ਗਿਣਿਆ ਜਾਂਦਾ ਹੈ। ਦੋਵਾਂ ਦੀ ਕੈਮਿਸਟਰੀ ਫੈਨਜ਼ ਨੂੰ ਕਾਫੀ ਪਸੰਦ ਆ ਰਹੀ ਹੈ। ਦੋਵਾਂ ਦੀ ਪ੍ਰੇਮ ਕਹਾਣੀ ਬਿੱਗ ਬੌਸ 15 ਤੋਂ ਸ਼ੁਰੂ ਹੋਈ ਸੀ। ਉਹ ਨੇੜੇ ਹੋ ਗਏ ਅਤੇ ਫਿਰ ਦੋਵਾਂ ਨੂੰ ਪਿਆਰ ਹੋ ਗਿਆ।

# ਬਾਲੀਵੁੱਡ ਕਲਾਕਾਰਾਂ ਲਈ ਰੱਖਿਆ ਗਿਆ 'ਸ਼ਰਮਾ ਜੀ ਕੀ ਬੇਟੀ' ਦਾ ਪ੍ਰੀਮੀਅਰ




ਬਾਲੀਵੁੱਡ ਸਿਤਾਰਿਆਂ ਲਈ ਆਯੁਸ਼ਮਾਨ ਖੁਰਾਨਾ ਦੀ ਪਤਨੀ ਤਾਹਿਰਾ ਕਸ਼ਯਪ ਦੇ ਨਿਰਦੇਸ਼ਨ 'ਚ ਬਣੀ ਫਿਲਮ 'ਸ਼ਰਮਾ ਜੀ ਕੀ ਬੇਟੀ' ਦਾ ਵਿਸ਼ੇਸ਼ ਪ੍ਰੀਮੀਅਰ ਆਯੋਜਿਤ ਕੀਤਾ ਗਿਆ। ਪ੍ਰੀਮੀਅਰ 'ਤੇ ਅਦਾਕਾਰਾ ਸਾਕਸ਼ੀ ਤੰਵਰ, ਮੋਹਿਤ ਸੂਰੀ, ਹਰਲੀਨ ਸੇਠੀ, ਤਾਪਸੀ ਪੰਨੂ, ਪ੍ਰਗਿਆ ਕਪੂਰ, ਮੁਕੇਸ਼ ਛਾਬੜਾ, ਫਾਤਿਮਾ ਸਨਾ ਸ਼ੇਖ, ਆਨੰਦ ਐੱਲ. ਰਾਏ, ਮਹਿਮਾ ਮਕਵਾਨਾ, ਅਪਾਰਸ਼ਕਤੀ ਖੁਰਾਨਾ, ਸ਼ਹਿਨਾਜ਼ ਟ੍ਰੇਜ਼ਰੀ, ਸ਼੍ਰੇਆ ਧਨਵੰਤਰੀ, ਨੇਹਾ ਧੂਪੀਆ, ਅਰਸ਼ਿਤਾ ਮਹਿਤਾ, ਸਿਆਮੀ ਖੇਰ, ਸੋਨਾਲੀ ਬੇਂਦਰੇ, ਦਿਵਿਆ ਦੱਤਾ ਤੇ ਕਰਿਸ਼ਮਾ ਤੰਨਾ ਸਪਾਟ ਹੋਏ।

# ਪਲਕ ਤਿਵਾਰੀ ਦੀਆਂ ਅਦਾਵਾਂ 'ਤੇ ਫਿਦਾ ਹੋਏ ਇਬਰਾਹਿਮ ਅਲੀ ਖਾਨ



ਸਾਰਾ ਅਲੀ ਖਾਨ ਦੇ ਭਰਾ ਇਬਰਾਹਿਮ ਅਲੀ ਖਾਨ ਅਤੇ ਸ਼ਵੇਤਾ ਤਿਵਾਰੀ ਦੀ ਬੇਟੀ ਪਲਕ ਤਿਵਾਰੀ ਦੇ ਵਿਚਕਾਰ ਲੰਬੇ ਸਮੇਂ ਤੋਂ ਕੁਝ ਖਿਚੜੀ ਪੱਕ ਰਹੀ ਹੈ ਪਰ ਕੱਚ ਵਾਂਗ ਕੁਝ ਵੀ ਸਾਫ ਨਹੀਂ ਹੋ ਰਿਹਾ ਹੈ। ਇਨ੍ਹਾਂ ਦੋਵਾਂ ਦੇ ਅਫੇਅਰ ਦੀਆਂ ਖ਼ਬਰਾਂ ਆ ਰਹੀਆਂ ਹਨ ਅਤੇ ਜਿਸ ਕਾਰਨ ਉਹ ਅਕਸਰ ਸੁਰਖੀਆਂ 'ਚ ਰਹਿੰਦੇ ਹਨ। ਇਨ੍ਹਾਂ ਨੂੰ ਕਈ ਵਾਰ ਇਕੱਠੇ ਦੇਖਿਆ ਵੀ ਜਾ ਚੁੱਕਾ ਹੈ।ਹੁਣ ਇਬਰਾਹਿਮ ਨੇ ਪਲਕ ਦੀ ਫੋਟੋ 'ਤੇ ਆਪਣੀ ਪ੍ਰਤੀਕਿਰਿਆ ਦਿੱਤੀ ਹੈ, ਜਿਸ ਨੇ ਇੰਟਰਨੈੱਟ 'ਤੇ ਖਲਬਲੀ ਮਚਾ ਦਿੱਤੀ ਹੈ।ਦਰਅਸਲ, ਪਲਕ ਤਿਵਾਰੀ ਨੇ 27 ਜੂਨ ਨੂੰ ਆਪਣੇ ਇੰਸਟਾਗ੍ਰਾਮ 'ਤੇ ਇਕ ਫੋਟੋ ਪੋਸਟ ਕੀਤੀ ਹੈ। ਇਸ 'ਚ ਉਹ ਹਰੇ ਅਤੇ ਗ੍ਰੇ ਰੰਗ ਦੇ ਆਊਟਫਿਟ 'ਚ ਨਜ਼ਰ ਆ ਰਹੀ ਹੈ।ਇਨ੍ਹਾਂ ਤਸਵੀਰਾਂ 'ਤੇ ਇਬਰਾਹਿਮ ਅਲੀ ਖਾਨ ਨੇ ਪ੍ਰਤੀਕਿਰਿਆ ਦਿੱਤੀ ਹੈ। ਕੈਪਸ਼ਨ, 'MY USPA MONSOONI' ਹੁਣ ਇਬਰਾਹਿਮ ਅਲੀ ਖਾਨ ਨੇ ਇਸ ਤਸਵੀਰ 'ਤੇ ਲਾਈਕ ਬਟਨ ਦਬਾਇਆ ਅਤੇ ਕੁਮੈਂਟ 'ਚ ਲਿਖਿਆ, 'ਤੁਸੀਂ ਚੰਗੇ ਲੱਗ ਰਹੇ ਹੋ।' ਉਸ ਨੇ ਸਟਿੱਕਰ ਰਾਹੀਂ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਕੀਤਾ। ਉਸ ਦੀ ਪ੍ਰਤੀਕਿਰਿਆ ਨੇ ਸਾਰਿਆਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ।



# ਸੂਫ਼ੀ ਗਾਇਕਾ ਜੋਤੀ ਨੂਰਾਂ ਦੇ ਘਰ ਆਈਆਂ ਖੁਸ਼ੀਆਂ





ਸੂਫ਼ੀ ਗਾਇਕਾ ਜੋਤੀ ਨੂਰਾਂ ਦੇ ਘਰ ਇੱਕ ਵਾਰ ਮੁੜ ਤੋਂ ਖੁਸ਼ੀਆਂ ਪਰਤ ਆਈਆਂ ਹਨ। ਜੀ ਹਾਂ, ਇੱਕ ਵਾਰ ਮੁੜ ਤੋਂ ਜੋਤੀ ਨੂਰਾਂ ਦੇ ਘਰ ਸ਼ਹਿਨਾਈਆਂ ਗੂੰਜਣ ਵਾਲੀਆਂ ਹਨ। ਦਰਅਸਲ, ਗਾਇਕਾ ਜੋਤੀ ਨੂਰਾਂ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਇੱਕ ਵੀਡੀਓ ਸਾਂਝਾ ਕੀਤਾ ਹੈ, ਜਿਸ 'ਚ ਉਹ ਆਪਣੇ ਸਿਰ 'ਤੇ ਇੱਕ ਚੰਗੇਰ ਸਜਾਈ ਹੋਏ ਨਜ਼ਰ ਆ ਰਹੀ ਹੈ।

ਇਸ ਵੀਡੀਓ ਨੂੰ ਸਾਂਝਾ ਕਰਦਿਆਂ ਜੋਤੀ ਨੂਰਾਂ ਨੇ ਲਿਖਿਆ, ''ਮੇਰੀ ਭੈਣ ਦੀਪਿਕਾ ਜੀ ਦੇ ਘਰ ਮਹਿੰਦੀ ਦੀ ਰਸਮ, ਸਭ ਦਿਓ ਦੁਆਵਾਂ।'' ਇਸ ਤੋਂ ਲੱਗਦਾ ਹੈ ਕਿ ਜੋਤੀ ਨੂਰਾਂ ਦੇ ਘਰ ਮੁੜ ਤੋਂ ਰੌਣਕਾਂ ਲੱਗਣ ਜਾ ਰਹੀਆਂ ਹਨ। ਜੋਤੀ ਨੂਰਾਂ ਨੇ ਇਸ ਦੌਰਾਨ ਲਾਲ ਰੰਗ ਦਾ ਪੰਜਾਬੀ ਸੂਟ ਪਾਇਆ ਹੈ ਅਤੇ ਆਪਣੀ ਮਾਂਗ 'ਚ ਸੰਦੂਰ ਸਜਾਇਆ ਹੋਇਆ ਹੈ, ਜਿਸ 'ਚ ਉਹ ਬਹੁਤ ਸੋਹਣੀ ਲੱਗ ਰਹੀ ਹੈ।ਗਾਇਕਾ ਨੇ ਇਹ ਸਪੱਸ਼ਟ ਨਹੀਂ ਕੀਤਾ ਕਿ ਜੋਤੀ ਨੂਰਾਂ ਦੀ ਮਹਿੰਦੀ ਦੀ ਰਸਮ ਹੋਣ ਜਾ ਰਹੀ ਹੈ ਜਾਂ ਫਿਰ ਉਸ ਦੇ ਪਰਿਵਾਰਕ ਮੈਂਬਰ ਦੀ ਮਹਿੰਦੀ ਸੈਰੇਮਨੀ ਹੈ। ਦੱਸਣਯੋਗ ਹੈ ਕਿ ਜੋਤੀ ਨੂਰਾਂ ਦਾ ਆਪਣੇ ਪਤੀ ਦੇ ਨਾਲ ਕੁਝ ਸਮਾਂ ਪਹਿਲਾਂ ਵਿਵਾਦ ਹੋਇਆ ਸੀ। ਇਸ ਝਗੜੇ ਦੌਰਾਨ ਜੋਤੀ ਨੇ ਆਪਣੇ ਪਤੀ ਕੁਨਾਲ ਪਾਸੀ 'ਤੇ ਕਈ ਗੰਭੀਰ ਇਲਜ਼ਾਮ ਲਗਾਏ ਸਨ। ਇਸ ਤੋਂ ਬਾਅਦ ਜੋਤੀ ਨੂਰਾਂ ਉਸਮਾਨ ਨਾਲ ਰਿਲੇਸ਼ਨਸ਼ਿਪ 'ਚ ਸੀ। ਹੁਣ ਜਿਸ ਤਰ੍ਹਾਂ ਜੋਤੀ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਵੀਡੀਓ ਸਾਂਝਾ ਕੀਤਾ ਹੈ।ਉਸ ਤੋਂ ਅੰਦਾਜ਼ੇ ਲਾਏ ਜਾ ਰਹੇ ਹਨ ਕਿ ਜੋਤੀ ਉਸਮਾਨ ਦੇ ਨਾਲ ਆਪਣੇ ਰਿਸ਼ਤੇ ਨੂੰ ਅਧਿਕਾਰਕ ਤੌਰ 'ਤੇ ਅਮਲੀ ਜਾਮਾ ਤਾਂ ਪਹਿਨਾਉਣ ਨਹੀਂ ਜਾ ਰਹੀ।

# ਗਾਇਕਾ ਅਫਸਾਨਾ ਖ਼ਾਨ ਪਰਿਵਾਰ ਨਾਲ ਪੂਲ 'ਚ ਮਸਤੀ ਮਸਤੀ, ਵਾਰ-ਵਾਰ ਵੇਖਿਆ ਜਾ ਰਿਹੈ ਇਹ ਵੀਡੀਓ

ਪੰਜਾਬੀ ਗਾਇਕਾ ਅਫਸਾਨਾ ਖ਼ਾਨ ਆਪਣੇ ਪਰਿਵਾਰ ਨਾਲ ਮਸਤੀ ਕਰਨ ਲਈ ਕਿਸੇ ਟੂਰਿਸਟ ਪਲੇਸ 'ਤੇ ਪਹੁੰਚੀ ਹੋਈ ਹੈ। ਦਰਅਸਲ, ਹਾਲ ਹੀ 'ਚ ਅਫਸਾਨਾ ਖ਼ਾਨ ਦਾ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਸਾਹਮਣੇ ਆਇਆ ਹੈ, ਜਿਸ 'ਚ ਉਹ ਸਵਿਮਿੰਗ ਪੂਲ 'ਚ ਮਸਤੀ ਕਰਦੀ ਹੋਈ ਨਜ਼ਰ ਆ ਰਹੀ ਹੈ। ਉਸ ਦਾ ਇਹ ਵੀਡੀਓ ਸੋਸ਼ਲ ਮੀਡੀਆ 'ਤੇ ਵੀ ਕਾਫ਼ੀ ਵਾਇਰਲ ਹੋ ਰਿਹਾ ਹੈ। ਸੋਸ਼ਲ ਮੀਡੀਆ 'ਤੇ ਗਾਇਕਾ ਦਾ ਇਹ ਵੀਡੀਓ ਤੇਜ਼ੀ ਦੇ ਨਾਲ ਵਾਇਰਲ ਹੋ ਰਿਹਾ ਹੈ। ਇਸ ਤੋਂ ਪਹਿਲਾਂ ਦੀ ਗੱਲ ਕਰੀਏ ਤਾਂ ਗਾਇਕਾ ਨੇ ਅਨਮੋਲ ਗਗਨ ਮਾਨ ਦੇ ਵਿਆਹ 'ਚ ਆਪਣੇ ਗੀਤਾਂ ਨਾਲ ਖੂਬ ਰੌਣਕਾਂ ਲਗਾਈਆਂ ਸਨ। ਅਫਸਾਨਾ ਖਾਨ ਦੇ ਵਰਕ ਫ੍ਰੰਟ ਦੀ ਗੱਲ ਕਰੀਏ ਤਾਂ ਉਹ ਪਿਛਲੇ ਕਈ ਸਾਲਾਂ ਤੋਂ ਇੰਡਸਟਰੀ 'ਚ ਸਰਗਰਮ ਹਨ ਪਰ ਉਨ੍ਹਾਂ ਨੂੰ ਪਛਾਣ 'ਮੁੰਡੇ ਚੰਡੀਗੜ੍ਹ ਸ਼ਹਿਰ ਦੇ' ਨਾਲ ਮਿਲੀ ਸੀ। ਇਸ ਗੀਤ ਨੂੰ ਗੈਰੀ ਸੰਧੂ ਨੇ ਲਿਖਿਆ ਸੀ, ਜਿਸ ਨੂੰ ਜੀ ਖ਼ਾਨ ਤੇ ਅਫਸਾਨਾ ਖ਼ਾਨ ਨੇ ਆਪਣੀ ਦਮਦਾਰ ਆਵਾਜ਼ ਨਾਲ ਸ਼ਿੰਗਾਰਿਆ ਸੀ।



# Kareena Kapoor Khan ਨੇ ਸ਼ੇਅਰ ਕੀਤੀਆਂ ਬਿਕਨੀ 'ਚ ਤਸਵੀਰਾਂ



ਬਾਲੀਵੁੱਡ ਅਦਾਕਾਰਾ ਕਰੀਨਾ ਕਪੂਰ ਪਿਛਲੇ ਕੁਝ ਦਿਨਾਂ ਤੋਂ ਆਪਣੇ ਪਰਿਵਾਰ ਨਾਲ ਲੰਡਨ 'ਚ ਛੁੱਟੀਆਂ ਦਾ ਆਨੰਦ ਮਨਾਂ ਰਹੀ ਹੈ। ਅਦਾਕਾਰਾ ਸੋਸ਼ਲ ਮੀਡੀਆ 'ਤੇ ਕਾਫੀ ਐਕਟਿਵ ਰਹਿੰਦੀ ਹੈ ਅਤੇ ਲਗਾਤਾਰ ਤਸਵੀਰਾਂ ਸ਼ੇਅਰ ਕਰਦੀ ਰਹਿੰਦੀ ਹੈ। ਅਜੇ ਇਕ ਦਿਨ ਪਹਿਲਾਂ ਹੀ ਬੇਟੇ ਤੈਮੂਰ ਦੀ ਇਕ ਬੀਚ ਫੋਟੋ ਇੰਸਟਾ ਸਟੋਰੀ 'ਤੇ ਸ਼ੇਅਰ ਕੀਤੀ ਗਈ ਸੀ।ਹੁਣ ਵੀਰਵਾਰ ਨੂੰ ਉਸ ਨੇ ਆਪਣੇ ਇੰਸਟਾਗ੍ਰਾਮ 'ਤੇ ਬੀਚ ਦੀਆਂ ਤਸਵੀਰਾਂ ਸ਼ੇਅਰ ਕੀਤੀਆਂ ਹਨ, ਜਿਸ 'ਚ ਬੇਬੋ ਤਬਾਹੀ ਮਚਾਉਂਦੀ ਨਜ਼ਰ ਆ ਰਹੀ ਹੈ। ਫੋਟੋ 'ਚ ਕਰੀਨਾ ਨੀਲੇ ਰੰਗ ਦੀ ਬਿਕਨੀ ਪਹਿਨੀ ਨਜ਼ਰ ਆ ਰਹੀ ਹੈ।ਦੋ ਬੇਟਿਆਂ ਦੀ ਮਾਂ ਕਰੀਨਾ ਕਪੂਰ ਨੇ 41 ਸਾਲ ਦੀ ਉਮਰ 'ਚ ਵੀ ਖੁਦ ਨੂੰ ਕਾਫੀ ਫਿੱਟ ਰੱਖਿਆ ਹੈ। ਵੀਰਵਾਰ, 27 ਜੂਨ ਨੂੰ, ਅਦਾਕਾਰਾ ਨੇ ਆਪਣੇ ਇੰਸਟਾ 'ਤੇ ਕਈ ਤਸਵੀਰਾਂ ਸ਼ੇਅਰ ਕੀਤੀਆਂ, ਜਿਨ੍ਹਾਂ ਨੂੰ ਪ੍ਰਸ਼ੰਸਕ ਕਾਫੀ ਪਸੰਦ ਕਰ ਰਹੇ ਹਨ।ਤਸਵੀਰਾਂ 'ਚ ਤੁਸੀਂ ਦੇਖ ਸਕਦੇ ਹੋ ਕਿ ਕਿਸ ਤਰ੍ਹਾਂ ਕਰੀਨਾ ਸੈਲਫੀ ਲੈਂਦੀ ਨਜ਼ਰ ਆ ਰਹੀ ਹੈ। ਬੇਬੋ ਆਪਣੀ ਛੁੱਟੀਆਂ ਦਾ ਪੂਰਾ ਆਨੰਦ ਲੈ ਰਹੀ ਹੈ। ਇੱਕ ਫੋਟੋ 'ਚ ਸੈਫ ਅਲੀ ਖਾਨ ਵੀ ਬਿਨਾਂ ਕਮੀਜ਼ ਦੇ ਨਜ਼ਰ ਆ ਰਹੇ ਹਨ।ਕਰੀਨਾ ਕਪੂਰ ਲੰਡਨ ਦੇ ਖ਼ੂਬਸੂਰਤ ਨਜ਼ਾਰਿਆਂ ਦਾ ਆਨੰਦ ਲੈਂਦੀ ਨਜ਼ਰ ਆ ਰਹੀ ਹੈ। ਫੋਟੋਆਂ 'ਚ ਕਰੀਨਾ ਬਿਨਾਂ ਮੇਕਅਪ ਅਤੇ ਕਾਲੇ ਸਨਗਲਾਸ ਪਹਿਨੇ ਨਜ਼ਰ ਆ ਰਹੀ ਹੈ। ਸੈਲੇਬਸ ਅਤੇ ਪ੍ਰਸ਼ੰਸਕ ਕਰੀਨਾ ਦੀਆਂ ਇਨ੍ਹਾਂ ਤਸਵੀਰਾਂ ਨੂੰ ਖ਼ੂਬ ਕੁਮੈਂਟ ਕਰ ਰਹੇ ਹਨ। ਇੱਕ ਯੂਜ਼ਰ ਨੇ ਕੁਮੈਂਟ ਕੀਤਾ ਅਤੇ ਲਿਖਿਆ – ਹੇ ਗੌਡ, ਮਾਈ ਪੂ।ਇਕ ਹੋਰ ਯੂਜ਼ਰ ਨੇ ਲਿਖਿਆ- ਬਿਲਕੁਲ ਰਾਜਕੁਮਾਰੀ ਵਾਂਗ। ਤੀਜੇ ਯੂਜ਼ਰ ਨੇ ਲਿਖਿਆ- ਤੁਹਾਨੂੰ ਇਸ ਤੋਂ ਵੀ ਜ਼ਿਆਦਾ ਖ਼ੂਬਸੂਰਤ ਦਿਖਣ ਦਾ ਪੂਰਾ ਹੱਕ ਹੈ, ਮੇਰੇ ਪਿਆਰੀ ਪੂ। ਕਰੀਨਾ ਕਪੂਰ ਖਾਨ ਨੂੰ ਆਖਰੀ ਵਾਰ ਫ਼ਿਲਮ 'ਕਰੂ' 'ਚ ਦੇਖਿਆ ਗਿਆ ਸੀ। ਜੋ ਪਰਦੇ 'ਤੇ ਹਿੱਟ ਸਾਬਤ ਹੋਈ। ਹੁਣ ਉਹ ਜਲਦ ਹੀ ਰੋਹਿਤ ਸ਼ੈੱਟੀ ਦੀ ਆਉਣ ਵਾਲੀ ਫ਼ਿਲਮ 'ਸਿੰਘਮ ਅਗੇਨ' 'ਚ ਨਜ਼ਰ ਆਵੇਗੀ।

# ਪੈਰਿਸ ਸਮਝੌਤੇ ਤੋਂ ਵੱਖ ਹੋਣ ਦਾ ਫ਼ੈਸਲਾ : ਟਰੰਪ ਨੇ ਭਾਰਤ ਅਤੇ ਚੀਨ 'ਤੇ ਲਗਾਏ ਗੰਭੀਰ ਦੋਸ਼



ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਉਨ੍ਹਾਂ ਦੇ ਪ੍ਰਸ਼ਾਸਨ ਨੇ 2017 'ਚ ਇਤਿਹਾਸਕ ਪੈਰਿਸ ਜਲਵਾਯੂ ਸਮਝੌਤੇ ਤੋਂ ਇਸ ਲਈ ਬਾਹਰ ਨਿਕਲਣ ਦਾ ਫ਼ੈਸਲਾ ਕੀਤਾ, ਕਿਉਂਕਿ ਇਹ ਇਕ ਧੋਖਾ ਸੀ, ਜਿਸ ਨਾਲ ਵਾਸ਼ਿੰਗਟਨ ਨੂੰ ਇਕ ਖਰਬ ਅਮਰੀਕੀ ਡਾਲਰ ਦਾ ਨੁਕਸਾਨ ਹੁੰਦਾ। ਉਨ੍ਹਾਂ ਦਾਅਵਾ ਕੀਤਾ ਕਿ ਭਾਰਤ, ਚੀਨ ਅਤੇ ਰੂਸ ਇਸ ਲਈ ਭੁਗਤਾਨ ਨਹੀਂ ਕਰ ਰਹੇ ਸਨ। ਰਿਪਬਲਿਕਨ ਪਾਰਟੀ ਵਲੋਂ ਰਾਸ਼ਟਰਪਤੀ ਅਹੁਦੇ ਦੇ ਸੰਭਾਵਿਤ ਉਮੀਦਵਾਰ ਟਰੰਪ ਨੇ ਵੀਰਵਾਰ ਨੂੰ ਆਪਣੇ ਡੈਮੋਕ੍ਰਟਿਕ ਪਾਰਟੀ ਦੇ ਮੁਕਾਬਲੇਬਾਜ਼ ਰਾਸ਼ਟਰਪਤੀ ਜੋਅ ਬਾਈਡੇਨ ਨਾਲ ਰਾਸ਼ਟਰਪਤੀ ਅਹੁਦੇ ਦੀ ਚੋਣ ਪ੍ਰਕਿਰਿਆ ਦੀ ਪਹਿਲੀ ਬਹਿਸ ਦੌਰਾਨ ਇਹ ਦਾਅਵੇ ਕੀਤੇ।

ਇਸ ਦੌਰਾਨ ਦੋਹਾਂ ਨੇਤਾਵਾਂ ਵਿਚਾਲੇ ਅਰਥਵਿਵਸਥਾ, ਸਰਹੱਦ, ਵਿਦੇਸ਼ ਨੀਤੀ, ਗਰਭਪਾਤ, ਰਾਸ਼ਟਰੀ ਸੁਰੱਖਿਆ ਦੀ ਸਥਿਤੀ ਅਤੇ ਜਲਵਾਯੂ ਪਰਿਵਰਤਨ 'ਤੇ ਬਹਿਸ ਹੋਈ। ਵੀਰਵਾਰ ਰਾਤ ਨੂੰ ਲਗਭਗ 90 ਮਿੰਟ ਹੋਈ ਬਹਿਸ ਦੌਰਾਨ 78 ਸਾਲਾ ਟਰੰਪ ਨੇ ਦਾਅਵਾ ਕੀਤਾ ਕਿ ਪੈਰਿਸ ਜਲਵਾਯੂ ਸਮਝੌਤੇ 'ਤੇ ਇਕ ਖਰਬ ਅਮਰੀਕੀ ਡਾਲਰ ਖਰਚ ਹੁੰਦੇ ਹਨ ਅਤੇ ਅਮਰੀਕਾ ਹੀ ਇਕ ਮਾਤਰ ਅਜਿਹਾ ਦੇਸ਼ ਸੀ, ਜਿਸ ਨੂੰ ਇਸ ਦਾ ਭੁਗਤਾਨ ਕਰਨਾ ਪੈਂਦਾ। ਇਸ ਨੂੰ ਇਕ ਧੋਖਾ ਦੱਸਦੇ ਹੋਏ ਟਰੰਪ ਨੇ ਕਿਹਾ ਕਿ ਚੀਨ, ਭਾਰਤ ਅਤੇ ਰੂਸ ਇਸ ਦਾ ਭੁਗਤਾਨ ਨਹੀਂ ਕਰ ਰਹੇ ਸਨ। ਸਾਲ 2017 'ਚ ਸਾਬਕਾ ਰਾਸ਼ਟਰਪਤੀ ਟਰੰਪ ਨੇ ਅਮਰੀਕਾ ਨੂੰ 2015 ਦੇ ਪੈਰਿਸ ਜਲਵਾਯੂ ਸਮਝੌਤੇ ਤੋਂ ਇਹ ਕਹਿੰਦੇ ਹੋਏ ਬਾਹਰ ਕੱਢ ਲਿਆ ਸੀ ਕਿ ਗਲੋਬਲ ਤਾਪਮਾਨ ਨੂੰ 2 ਡਿਗਰੀ ਸੈਲਸੀਅਸ ਤੋਂ ਹੇਠਾਂ ਰੱਖਣ ਦਾ ਅੰਤਰਰਾਸ਼ਟਰੀ ਸਮਝੌਤਾ ਅਮਰੀਕੀ ਮਜ਼ਦੂਰਾਂ ਲਈ ਨੁਕਸਾਨਦੇਹ ਸੀ। ਪੈਰਿਸ ਸਮਝੌਤੇ ਦੇ ਅਧੀਨ ਅਮਰੀਕਾ ਅਤੇ ਹੋਰ ਵਿਕਸਿਤ ਦੇਸ਼ਾਂ ਨੇ ਸਮੂਹਿਕ ਰੂਪ ਨਾਲ 2020 ਤੱਕ ਹਰ ਸਾਲ 100 ਅਰਬ ਅਮਰੀਕੀ ਡਾਲਰ ਦਾ ਯੋਗਦਾਨ ਦੇਣ ਦੀ ਵਚਨਬੱਧਤਾ ਜਤਾਈ ਸੀ ਤਾਂ ਕਿ ਗਰੀਬ ਅਤੇ ਵਿਕਾਸਸ਼ੀਲ ਦੇਸ਼ਾਂ ਨੂੰ ਸਮੁੰਦਰ ਦੇ ਪੱਧਰ 'ਚ ਵਾਧੇ ਅਤੇ ਗਰਮੀ ਦੇ ਵਿਗੜਦੇ ਹਾਲਾਤ ਵਰਗੇ ਜਲਵਾਯੂ ਪਰਿਵਰਤਨ ਦੇ ਪ੍ਰਭਾਵਾਂ ਨਾਲ ਤਾਲਮੇਲ ਬਿਠਾਉਣ 'ਚ ਮਦਦ ਮਿਲ ਸਕੇ।

# 7.2 ਤੀਬਰਤਾ ਵਾਲੇ ਤੇਜ਼ ਭੂਚਾਲ ਨਾਲ ਕੰਬਿਆ ਇਹ ਦੇਸ਼, ਸੁਨਾਮੀ ਦਾ ਅਲਰਟ ਜਾਰੀ




ਸਾਊਥ ਅਮਰੀਕਾ ਦੇ ਪੇਰੂ 'ਚ 7.2 ਤੀਬਰਤਾ ਦਾ ਭੂਚਾਲ ਆਇਆ ਹੈ, ਜਿਸ ਤੋਂ ਬਾਅਦ ਸੁਨਾਮੀ ਦਾ ਅਲਰਟ ਜਾਰੀ ਕੀਤਾ ਗਿਆ ਹੈ। ਭੂਚਾਲ ਦਾ ਕੇਂਰ ਪੇਰੂ ਦੇ ਪੱਛਮ 'ਚ ਐਟਿਕਿਊਈਪਾ ਤੋਂ 8 ਕਿਲੋਮੀਟਰ ਦੂਰ ਚਾਲਾ 'ਚ ਰਿਹਾ। ਯੂ.ਐੱਸ. ਜ਼ਿਓਲਾਜਿਕਲ ਸਰਵੇ ਦੀ ਰਿਪੋਰਟ ਅਨੁਸਾਰ ਭੂਚਾਲ ਸ਼ੁੱਕਰਵਾਰ ਨੂੰ ਸਥਾਨਕ ਸਮੇਂ ਅਨੁਸਾਰ 12.36 ਵਜੇ ਆਇਆ। ਇਲਾਕੇ 'ਚ 3 ਮੀਟਰ ਉੱਚੀਆਂ ਸਮੁੰਦਰੀ ਲਹਿਰਾਂ ਉੱਠਣ ਦੀ ਚਿਤਾਵਨੀ ਜਾਰੀ ਕੀਤੀ ਗਈ ਹੈ।

ਦੱਸਣਯੋਗ ਹੈ ਕਿ ਇਸ ਤੋਂ ਪਹਿਲੇ 16 ਜੂਨ ਨੂੰ ਵੀ ਪੇਰੂ 'ਚ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ ਸਨ, ਉਦੋਂ ਰਿਐਕਟਰ ਸਕੇਲ 'ਤੇ ਇਸ ਦੀ ਤੀਬਰਤਾ 5.9 ਮਾਪੀ ਗਈ ਸੀ। ਹਾਲਾਂਕਿ, 16 ਜੂਨ ਨੂੰ ਆਏ ਭੂਚਾਲ 'ਚ ਵੀ ਕਿਸੇ ਤਰ੍ਹਾਂ ਦੇ ਜਾਨ-ਮਾਲ ਦਾ ਨੁਕਸਾਨ ਨਹੀਂ ਹੋਇਆ ਸੀ।

# ਅਮਰੀਕਾ ਤੋਂ ਆਈ ਮੰਦਭਾਗੀ ਖ਼ਬਰ, ਝੀਲ 'ਚ ਨਹਾਉਣ ਗਏ 2 ਭਾਰਤੀ ਨੌਜਵਾਨਾਂ ਦੀ ਮੌਤ




ਹਰਿਆਣਾ ਦੇ 2 ਨੌਜਵਾਨਾਂ ਦੀ ਅਮਰੀਕਾ 'ਚ ਝੀਲ 'ਚ ਡੁੱਬਣ ਨਾਲ ਮੌਤ ਹੋ ਗਈ। ਦੋਵੇਂ ਹੀ ਦੋਸਤ ਕੈਲੀਫੋਰਨੀਆ ਦੀ ਝੀਲ 'ਚ ਨਹਾ ਰਹੇ ਸਨ ਅਤੇ ਅਚਾਨਕ ਡੁੱਬ ਗਏ। ਉੱਥੇ ਹੀ ਉਨ੍ਹਾਂ ਦਾ ਇਕ ਸਾਥੀ ਵਾਲ-ਵਾਲ ਬਚ ਗਿਆ। ਮਰਨ ਵਾਲੇ ਨੌਜਵਾਨਾਂ 'ਚੋਂ ਇਕ ਗੋਵਿੰਦਗੜ੍ਹ ਪਿੰਡ ਦਾ ਅਤੇ ਦੂਜਾ ਚੂਰਨੀ ਜਾਗੀਰ ਦਾ ਰਹਿਣ ਵਾਲਾ ਸੀ। ਦੋਵੇਂ ਘਰ ਦੇ ਇਕਲੌਤੇ ਚਿਰਾਗ ਸਨ। ਦੋਹਾਂ ਦੀ ਮੌਤ ਤੋਂ ਬਾਅਦ ਘਰਾਂ 'ਚ ਮਾਤਮ ਪਸਰਿਆ ਹੋਇਆ ਹੈ। ਉੱਥੇ ਹੀ ਪੀੜਤ ਪਰਿਵਾਰਾਂ ਦੀ ਸਰਕਾਰ ਤੋਂ ਮੰਗ ਕਰ ਰਹੇ ਹਨ ਕਿ ਉਨ੍ਹਾਂ ਦੇ ਬੇਟਿਆਂ ਦੀਆਂ ਮ੍ਰਿਤਕ ਦੇਹਾਂ ਨੂੰ ਜਲਦ ਤੋਂ ਜਲਦ ਭਾਰਤ ਲਿਆਂ ਜਾਵੇ।

17 ਸਾਲ ਦੇ ਏਕਮਪ੍ਰੀਤ ਨੂੰ ਉਸ ਦੇ ਪਰਿਵਾਰ ਵਾਲਿਆਂ ਨੇ ਬਹੁਤ ਉਮੀਦਾਂ ਅਤੇ ਸੁਫ਼ਨਿਆਂ ਨਾਲ ਯੂ.ਐੱਸ.ਏ. ਭੇਜਿਆ ਸੀ ਤਾਂ ਕਿ ਉਹ ਆਪਣੀ ਜ਼ਿੰਦਗੀ ਬਿਹਤਰ ਕਰ ਸਕੇ। ਨਾਲ ਹੀ ਨਾਲ ਪਰਿਵਾਰ ਵਾਲਿਆਂ ਵੀ ਉੱਥੋਂ ਕੁਝ ਭੇਜਦਾ ਰਹੇ। ਏਮਕਪ੍ਰੀਤ 15 ਮਹੀਨੇ ਪਹਿਲੇ ਯੂ.ਐੱਸ.ਏ. ਗਿਆ ਸੀ। ਪਰਿਵਾਰ ਵਾਲਿਆਂ ਨੇ ਰਿਸ਼ਤੇਦਾਰਾਂ ਤੋਂ ਪੈਸੇ ਉਧਾਰ ਲੈ ਕੇ ਲੱਖਾਂ ਰੁਪਏ ਲਗਾ ਕੇ ਏਕਮ ਨੂੰ ਅਮਰੀਕਾ ਭੇਜਿਆ ਸੀ। ਏਕਮ ਦਾ ਵਰਕ ਪਰਮਿਟ ਜਲਦ ਆਉਣ ਵਾਲਾ ਸੀ। ਉਹ ਫਿਰ ਕੰਮ ਕਰਨ ਲਈ ਉੱਥੇ ਲੀਗਲ ਹੋ ਜਾਂਦਾ।

ਉਸ ਦੇ ਪਰਿਵਾਰ ਵਾਲਿਆਂ ਨੇ ਦੱਸਿਆ ਕਿ ਇੰਨੀਂ ਦਿਨੀਂ ਉੱਥੇ ਗਰਮੀ ਬਹੁਤ ਜ਼ਿਆਦਾ ਹੈ। ਅਜਿਹੇ 'ਚ ਉਹ ਆਪਣੇ 2 ਦੋਸਤਾਂ ਨਾਲ ਝੀਲ 'ਚ ਨਹਾਉਣ ਲਈ ਗਿਆ ਸੀ। ਉਸ ਦਾ ਇਕ ਦੋਸਤ ਮੇਹਤਾਬ ਕਰਨਾਲ ਦੇ ਜਲਮਾਨਾ ਪਿੰਡ ਦਾ ਰਹਿਣ ਵਾਲਾ ਸੀ। ਦੋਵੇਂ ਦੋਸਤ ਏਕਮ ਅਤੇ ਮੇਹਤਾਬ ਝੀਲ 'ਚ ਨਹਾ ਰਹੇ ਸਨ ਅਤੇ ਇਕ ਦੋਸਤ ਬਾਹਰ ਸੀ। ਉਦੋਂ ਝੀਲ 'ਚ ਨਹਾਉਂਦੇ ਸਮੇਂ ਦੋਵੇਂ ਡੁੱਬਣ ਲੱਗੇ। ਮੇਹਤਾਬ ਨੂੰ ਬਾਹਰ ਕੱਢ ਕੇ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ। ਉੱਥੇ ਹੀ ਏਕਮ ਦਾ ਕੁਝ ਪਤਾ ਨਹੀਂ ਲੱਗਾ। ਕੁਝ ਸਮੇਂ ਬਾਅਦ ਏਕਮਪ੍ਰੀਤ ਦੀ ਲਾਸ਼ ਬਰਾਮਦ ਕੀਤੀ ਗਈ। ਜਾਣਕਾਰੀ ਅਨੁਸਾਰ ਏਕਮ ਅਮਰੀਕਾ 'ਚ ਆਪਣੇ ਰਿਸ਼ਤੇਦਾਰਾਂ ਕੋਲ ਰਹਿੰਦਾ ਸੀ। ਅਜਿਹੇ ਹੀ ਇਹ ਸੂਚਨਾ ਕਰਨਾਲ ਦੇ ਚੂਰਨੀ ਜਾਗੀਰ ਪਿੰਡ 'ਚ ਪਹੁੰਚੀ ਤਾਂ ਪਰਿਵਾਰ 'ਚ ਮਾਤਮ ਪਸਰ ਗਿਆ। ਪਰਿਵਾਰ ਵਾਲਿਆਂ ਦੀ ਬੁੱਧਵਾਰ ਨੂੰ ਉਸ ਨਾਲ ਗੱਲ ਹੋਈ ਸੀ। ਪਰਿਵਾਰ ਵਾਲਿਆਂ ਦੀ ਸਰਕਾਰ ਤੋਂ ਇਹੀ ਅਪੀਲ ਹੈ ਕਿ ਉਹ ਮ੍ਰਿਤਕ ਦੇਹ ਭਾਰਤ ਲਿਆਉਣ 'ਚ ਮਦਦ ਕਰਨ ਤਾਂ ਕਿ ਉਹ ਅੰਤਿਮ ਸੰਸਕਾਰ ਕਰ ਸਕਣ।

# ਈਰਾਨ 'ਚ ਰਾਸ਼ਟਰਪਤੀ ਚੋਣਾਂ ਲਈ ਵੋਟਿੰਗ ਜਾਰੀ



ਈਰਾਨ 'ਚ ਸ਼ੁੱਕਰਵਾਰ ਨੂੰ ਰਾਸ਼ਟਰਪਤੀ ਅਹੁਦੇ ਦੀਆਂ ਚੋਣਾਂ ਲਈ ਵੋਟਿੰਗ ਜਾਰੀ ਹੈ। ਪਿਛਲੇ ਮਹੀਨੇ ਰਾਸ਼ਟਰਪਤੀ ਇਬਰਾਹਿਮ ਰਈਸੀ ਦੀ ਇਕ ਜਹਾਜ਼ ਹਾਦਸੇ 'ਚ ਮੌਤ ਤੋਂ ਬਾਅਦ ਇਹ ਚੋਣਾਂ ਹੋ ਰਹੀਆਂ ਹਨ। ਇਹ ਚੋਣਾਂ ਅਜਿਹੇ ਸਮੇਂ ਹੋ ਰਹੀਆਂ ਹਨ, ਜਦੋਂ ਇਜ਼ਰਾਈਲ-ਹਮਾਸ ਵਿਚਾਲੇ ਜੰਗ ਨੂੰ ਲੈ ਕੇ ਪੱਛਮੀ ਏਸ਼ੀਆ 'ਚ ਵਿਆਪਕ ਪੱਧਰ 'ਤ ਤਣਾਅ ਹੈ ਅਤੇ ਈਰਾਨ ਪਿਛਲੇ ਕਈ ਸਾਲਾਂ ਤੋਂ ਆਰਥਿਕ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਵੋਟਰਾਂ ਨੂੰ ਕੱਟੜਪੰਥੀ ਉਮੀਦਵਾਰਾਂ ਅਤੇ ਇਕ ਘੱਟ ਚਰਚਿਤ ਰਾਜਨੇਤਾ ਦਰਮਿਆਨ ਚੋਣਾਂ ਕਰਵਾਉਣਾ ਹੋਵੇਗਾ, ਜੋ ਈਰਾਨ ਦੇ ਸੁਧਾਰਵਾਦੀ ਅੰਦੋਲਨ ਨਾਲ ਜੁੜੇ ਰਹੇ ਹਨ।ਚੋਣ ਪ੍ਰਕਿਰਿਆ ਦੀ ਨਿਗਰਾਨੀ ਕਰਨ ਵਾਲੇ ਗ੍ਰਹਿ ਮੰਤਰੀ ਅਹਿਮਦ ਵਹੀਦੀ ਨੇ ਦੱਸਿਆ ਕਿ ਸਵੇਰੇ (ਸਥਾਨਕ ਸਮੇਂ ਅਨੁਸਾਰ) 8 ਵਜੇ ਵੋਟਿੰਗ ਸ਼ੁਰੂ ਹੋਈ। ਈਰਾਨ ਦੇ 85 ਸਾਲਾ ਸਰਵਉੱਚ ਨੇਤਾ ਅਯਾਤੁੱਲਾ ਅਲੀ ਖਾਮਨੇਈ ਨੇ ਚੋਣਾਂ 'ਚ ਪਹਿਲੀ ਵੋਟ ਪਾਈ ਅਤੇ ਜਨਤਾ ਨੂੰ ਵੋਟਿੰਗ ਕਰਨ ਦੀ ਅਪੀਲ ਕੀਤੀ। ਵਿਸ਼ਲੇਸ਼ਕ ਰਾਸ਼ਟਰਪਤੀ ਚੋਣਾਂ 'ਚ ਤ੍ਰਿਕੋਣੀ ਮੁਕਾਬਲਾ ਮੰਨ ਰਹੇ ਹਨ। ਵੋਟਰਾਂ ਨੂੰ 2 ਕੱਟੜਪੰਥੀ ਉਮੀਦਵਾਰ- ਸਾਬਕਾ ਪਰਮਾਣੂ ਵਾਰਤਾਕਾਰ ਸਈਅਦ ਜ਼ਲੀਲੀ ਅਤੇ ਸੰਸਦ ਦੇ ਪ੍ਰਧਾਨ ਮੁਹੰਮਦ ਬਾਘੇਰ ਕਲੀਬਾਫ ਅਤੇ ਸੁਧਾਰਵਾਦੀ ਵਜੋਂ ਪਛਾਣੇ ਜਾਣ ਵਾਲੇ ਉਮੀਦਵਾਰ ਮਸੂਦ ਪੇਜੇਸ਼ਕੀਅਨ ਦਰਮਿਆਨ ਚੋਣ ਕਰਨੀ ਹੈ। ਮਸੂਦ ਦਾ ਝੁਕਾਅ ਸਾਬਕਾ ਰਾਸ਼ਟਰਪਤੀ ਹਸਨ ਰੂਹਾਨੀ ਵੱਲ ਹੈ, ਜਿਨ੍ਹਾਂ ਦੇ ਸ਼ਾਸਨ ਦੇ ਅਧੀਨ ਤੇਹਰਾਨ ਨੇ ਵਿਸ਼ਵ ਸ਼ਕਤੀਆਂ ਨਾਲ 2015 ਦਾ ਇਤਿਹਾਸਕ ਪਰਮਾਣੂੰ ਸਮਝੌਤਾ ਕੀਤਾ ਸੀ।

# ਕੈਨੇਡਾ ਦੇ ਜੰਗਲ ਦੀ ਅੱਗ ਨੇ ਵਧਾਈ ਦੁਨੀਆ 'ਚ ਗਰਮੀ



ਕੈਨੇਡਾ ਦੇ ਜੰਗਲਾਂ 'ਚ ਸਾਲ 2023 'ਚ ਗਰਮੀ ਕਾਰਨ ਲੱਗੀ ਭਿਆਨਕ ਅੱਗ ਨੇ ਭਾਰਤ ਦੇ ਮੁਕਾਬਲੇ ਵੱਧ ਕਾਰਬਨ ਡਾਈਆਕਸਾਈਡ ਛੱਡੀ। ਗਰਮੀ ਪੈਦਾ ਕਰਨ ਵਾਲੀ ਇਸ ਗੈਸ ਨੇ ਭਾਰਤ 'ਚ ਸਾੜੇ ਗਏ ਜੈਵਿਕ ਬਾਲਣ ਦੇ ਮੁਕਾਬਲੇ ਦੁਨੀਆ 'ਚ ਵੱਧ ਪ੍ਰਦੂਸ਼ਣ ਫੈਲਾਉਣ ਦੇ ਨਾਲ ਹੀ ਤਾਪਮਾਨ 'ਚ ਵੀ ਵਾਧਾ ਕੀਤਾ। ਇਹ ਖੁਲਾਸਾ ਵਿਸ਼ਵ ਸੰਸਾਧਨ ਸੰਸਥਾਨ ਅਤੇ ਮੈਰੀਲੈਂਡ ਯੂਨੀਵਰਸਿਟੀ ਦੇ ਵਿਗਿਆਨੀਆਂ ਦੁਆਰਾ ਗਲੋਬਲ ਚੇਂਜ ਬਾਇਓਲੋਜੀ 'ਚ ਪ੍ਰਕਾਸ਼ਿਤ ਇਕ ਨਵੇਂ ਅਧਿਐਨ 'ਚ ਕੀਤਾ ਗਿਆ। ਸੋਧ 'ਚ ਦੇਖਿਆ ਗਿਆ ਕਿ ਕੈਨੇਡਾ 'ਚ ਇਸ ਜੰਗਲ ਦੀ ਅੱਗ ਦੁਆਰਾ ਛੱਡੀ ਗਈ ਕਾਰਬਨ ਡਾਈਆਕਸਾਈਡ ਨਾਲ ਪੱਛਮੀ ਵਰਜੀਨੀਆ ਤੋਂ ਵੀ ਵੱਡਾ ਸੜ ਗਿਆ ਸੀ। ਵਿਗਿਆਨੀਆਂ ਨੇ 2023 'ਚ ਕੈਨੇਡਾ 'ਚ ਮਹੀਨਿਆਂ ਤੱਕ ਲੱਗੀ ਅੱਗ ਦੇ ਵਿਨਾਸ਼ਕਾਰੀ ਪ੍ਰਭਾਵ ਦਾ ਮੁਲਾਂਕਣ ਕੀਤਾ। ਇਸ ਮੁਤਾਬਕ ਇਸ ਨੇ ਹਵਾ 'ਚ 3.28 ਬਿਲੀਅਨ ਟਨ ਗਰਮੀ ਪੈਦਾ ਕਰਨ ਵਾਲੀ ਕਾਰਬਨ ਡਾਈਆਕਸਾਈਡ ਛੱਡੀ ਸੀ।

ਯੂ.ਐੱਸ. ਵਾਤਾਵਰਣ ਸੁਰੱਖਿਆ ਏਜੰਸੀ ਦੇ ਅੰਕੜਿਆਂ ਅਨੁਸਾਰ, ਇਹ ਕਾਰਬਨ ਡਾਈਆਕਸਾਈਡ ਦੀ ਲਗਭਗ ਓਨੀ ਹੀ ਮਾਤਰਾ ਹੈ ਜਿੰਨੀ 647 ਮਿਲੀਅਨ ਕਾਰਾਂ ਇਕ ਸਾਲ 'ਚ ਹਵਾ ਛੱਡਦੀਆਂ ਹਨ। ਇਸ ਅੱਗ ਨੇ ਇਕ ਸਾਲ ਵਿਚ ਹਵਾਈ ਜਹਾਜ਼ਾਂ ਨਾਲੋਂ ਲਗਭਗ ਚਾਰ ਗੁਣਾ ਜ਼ਿਆਦਾ ਕਾਰਬਨ ਨਿਕਾਸੀ ਪੈਦਾ ਕੀਤੀ। ਇਹ ਮੁਲਾਂਕਣ ਡਬਲਿਊਆਰਆਈ ਦੇ ਗਲੋਬਲ ਫੋਰੈਸਟ ਵਾਚ ਵਿਖੇ ਅਧਿਐਨ ਦੇ ਪ੍ਰਮੁੱਖ ਲੇਖਕ ਅਤੇ ਖੋਜ ਸਹਿਯੋਗੀ ਜੇਮਸ ਮੈਕਕਾਰਥੀ ਨੇ ਇਗ ਮੁਲਾਂਕਣ ਪੇਸ਼ ਕੀਤਾ ਹੈ। ਸਿਰੈਕਿਊਜ਼ ਯੂਨੀਵਰਸਿਟੀ ਦੇ ਭੂਗੋਲ ਅਤੇ ਵਾਤਾਵਰਣ ਦੇ ਪ੍ਰੋਫੈਸਰ ਜੈਕਬ ਬੇਂਡਿਕਸ ਨੇ ਕਿਹਾ ਕਿ ਇੰਨੇ ਜ਼ਿਆਦਾ ਜੰਗਲਾਂ ਦਾ ਨੁਕਸਾਨ ਇਕ ਵੱਡੀ ਗੱਲ ਹੈ ਅਤੇ ਵਿਸ਼ਵ ਦ੍ਰਿਸ਼ਟੀਕੋਣ ਤੋਂ ਬੇਹੱਦ ਚਿੰਤਾਜਨਕ ਹੈ ਪਰ ਇਸ 'ਚ ਜਲਵਾਯੂ ਤਬਦੀਲੀ ਦੀ ਵੀ ਵੱਡੀ ਭੂਮਿਕਾ ਹੈ।

# ਬ੍ਰਿਟੇਨ ਦਾ ਖ਼ਤਰਨਾਕ ਸੀਰੀਅਲ ਕਿਲਰ 17 ਸਟੀਲ ਦੇ ਦਰਵਾਜ਼ਿਆਂ 'ਚ ਹੈ ਕੈਦ



ਬ੍ਰਿਟੇਨ ਦਾ ਸਭ ਤੋਂ ਖ਼ਤਰਨਾਕ ਸੀਰੀਅਲ ਕਿਲਰ ਵਜੋਂ ਜਾਣਿਆ ਜਾਂਦਾ ਇੱਕ ਵਿਅਕਤੀ ਜਿਸਨੇ ਇਕੱਲੇ ਕੈਦ ਵਿੱਚ ਬਿਤਾਏ ਸਭ ਤੋਂ ਵੱਧ ਦਿਨਾਂ ਲਈ ਵਿਸ਼ਵ ਰਿਕਾਰਡ ਕਾਇਮ ਕੀਤਾ ਹੈ, ਉਸਦੀ ਮੌਤ ਹੋਣ ਤੱਕ ਇੱਕ ਭੂਮੀਗਤ ਸੈੱਲ ਵਿੱਚ ਬੰਦ ਰਹੇਗਾ। ਰਾਬਰਟ ਮੌਡਸਲੇ 1974 ਤੋਂ ਜੇਲ੍ਹ ਵਿੱਚ ਹਨ। ਇਸ ਦੇ ਨਾਲ ਹੀ ਜਦੋਂ ਲੋਕਾਂ ਨੂੰ ਉਸਦੇ ਜੁਰਮਾਂ ਬਾਰੇ ਪਤਾ ਚੱਲਦਾ ਹੈ ਤਾਂ ਹਰ ਕੋਈ ਹੈਰਾਨ ਰਹਿ ਜਾਂਦਾ ਹੈ, ਇਹ ਫੈਸਲਾ ਕਰਨ ਤੋਂ ਅਸਮਰੱਥ ਹੁੰਦਾ ਹੈ ਕਿ ਇਹ ਵਿਅਕਤੀ ਅਸਲ ਵਿੱਚ ਅਪਰਾਧੀ ਹੈ ਜਾਂ 'ਮਸੀਹਾ'! ਰਾਬਰਟ ਮੌਡਸਲੇ 50 ਸਾਲਾਂ ਤੋਂ ਜੇਲ੍ਹ ਵਿੱਚ ਹਨ। ਉਹ 17 ਸਟੀਲ ਦੇ ਦਰਵਾਜ਼ਿਆਂ ਪਿੱਛੇ ਕੈਦ ਹੈ। ਰਾਬਰਟ ਮੌਡਸਲੇ ਨੂੰ 50 ਸਾਲ ਦੀ ਜੇਲ ਹੋਈ ਹੈ।

**16 ਸਾਲ ਦੀ ਉਮਰ ਵਿੱਚ ਘਰੋਂ ਭੱਜ ਗਿਆ ਸੀ ਰੌਬਰਟ**

ਰਿਪੋਰਟਾਂ ਅਨੁਸਾਰ, ਰੌਬਰਟ ਨੇ ਆਪਣੇ ਸ਼ੁਰੂਆਤੀ ਸਾਲ ਮਰਸੀਸਾਈਡ ਵਿੱਚ ਇੱਕ ਕੈਥੋਲਿਕ ਅਨਾਥ ਆਸ਼ਰਮ, ਨਾਜ਼ਰੇਥ ਹਾਊਸ ਵਿੱਚ ਬਿਤਾਏ। ਜਦੋਂ ਉਹ ਅੱਠ ਸਾਲਾਂ ਦਾ ਸੀ, ਤਾਂ ਉਸਦੇ ਮਾਤਾ-ਪਿਤਾ ਉਸਨੂੰ ਅਤੇ ਉਸਦੇ ਭੈਣ-ਭਰਾ ਨੂੰ ਘਰ ਲੈਣ ਆਏ ਅਤੇ ਕਈ ਸਾਲਾਂ ਤੱਕ ਉਸਨੂੰ ਹਿੰਸਕ ਸ਼ੋਸ਼ਣ ਦਾ ਸਾਹਮਣਾ ਕਰਨਾ ਪਿਆ। ਮੌਡਸਲੇ 16 ਸਾਲ ਦੀ ਉਮਰ ਵਿੱਚ ਘਰੋਂ ਭੱਜ ਗਿਆ, ਪਰ ਛੇਤੀ ਹੀ ਨਸ਼ੇ ਦੀ ਲਤ ਵਿੱਚ ਫਸ ਗਿਆ ਅਤੇ ਕਿਰਾਏ ਦੇ ਲੜਕੇ ਵਜੋਂ ਕੰਮ ਕਰਕੇ ਆਪਣੀ ਲਤ ਨੂੰ ਪੂਰਾ ਕੀਤਾ।

**17 ਸਟੀਲ ਦੇ ਦਰਵਾਜ਼ਿਆਂ ਵਿੱਚ ਬੰਦ ਹੈ ਇਹ ਵਿਅਕਤੀ**

ਰਾਬਰਟ ਮੌਡਸਲੇ ਵੇਕਫੀਲਡ ਜੇਲ੍ਹ ਵਿੱਚ ਕੈਦ ਹੈ, ਉਸਦੀ ਕੋਠੜੀ 18 ਫੁੱਟ x 15 ਫੁੱਟ ਹੈ ਅਤੇ ਇਸ ਤੱਕ ਪਹੁੰਚਣ ਲਈ 17 ਸਟੀਲ ਦੇ ਦਰਵਾਜ਼ਿਆਂ ਵਿੱਚੋਂ ਲੰਘਣਾ ਪੈਂਦਾ ਹੈ। ਇਹ ਜੈੱਲ ਬੁਲੇਟ ਪਰੂਫ ਵੀ ਹੈ। ਇਕ ਰਿਪੋਰਟ ਮੁਤਾਬਕ ਇਨਸਾਈਡ ਵੇਕਫੀਲਡ ਜੇਲ ਨਾਂ ਦੀ ਕਿਤਾਬ ਵਿਚ ਲੇਖਕ ਜੋਨਾਥਨ ਲੇਵੀ ਅਤੇ ਐਮਾ ਫ੍ਰੈਂਚ ਨੇ ਰਾਬਰਟ ਦੇ ਸੈੱਲ ਬਾਰੇ ਹੋਰ ਜਾਣਕਾਰੀ ਦਿੱਤੀ ਹੈ। ਉਸ ਦੀ ਕੋਠੜੀ ਵਿੱਚ ਮੇਜ਼ ਅਤੇ ਕੁਰਸੀਆਂ ਗੱਤੇ ਦੀਆਂ ਬਣੀਆਂ ਹੋਈਆਂ ਹਨ ਅਤੇ ਟਾਇਲਟ ਸਿੰਕ ਨੂੰ ਵੀ ਬੋਲਟ ਨਾਲ ਜ਼ਮੀਨ ਨਾਲ ਸਥਿਰ ਕੀਤਾ ਗਿਆ ਹੈ। ਸੈੱਲ ਦੇ ਹੇਠਾਂ ਇੱਕ ਛੋਟਾ ਸਲਾਟ ਹੈ, ਜਿਸ ਦੀ ਮਦਦ ਨਾਲ ਉਸ ਨੂੰ ਭੋਜਨ ਦਿੱਤਾ ਜਾਂਦਾ ਹੈ।ਦਰਅਸਲ 1974 'ਚ 21 ਸਾਲ ਦੀ ਉਮਰ 'ਚ ਰਾਬਰਟ ਨੇ ਜਾਨ ਫੈਰੇਲ (30 ਸਾਲ) ਨਾਂ ਦੇ ਇਕ ਅਪਰਾਧੀ ਦਾ ਕਤਲ ਕਰ ਦਿੱਤਾ ਸੀ, ਜੋ ਬੱਚਿਆਂ ਦਾ ਯੌਨ ਸ਼ੋਸ਼ਣ ਕਰਦਾ ਸੀ। 1977 ਵਿੱਚ, ਰੌਬਰਟ ਨੇ ਇੱਕ ਹੋਰ ਸਾਥੀ ਕੈਦੀ ਨਾਲ ਮਿਲ ਕੇ ਡੇਵਿਡ ਫਰਾਂਸਿਸ ਨਾਮ ਦੇ ਇੱਕ ਹੋਰ ਦੋਸ਼ੀ ਦਾ ਕਤਲ ਕਰ ਦਿੱਤਾ। ਉਹ ਬੱਚਿਆਂ ਦਾ ਜਿਨਸੀ ਸ਼ੋਸ਼ਣ ਕਰਨ ਦੇ ਮਾਮਲੇ ਵਿੱਚ ਜੇਲ੍ਹ ਵਿੱਚ ਵੀ ਸੀ। ਉਸ ਦਾ ਬਹੁਤ ਬੇਰਹਿਮੀ ਨਾਲ ਕਤਲ ਕੀਤਾ ਸੀ।

ਇਸ ਤੋਂ ਬਾਅਦ ਰੌਬਰਟ ਨੂੰ ਯੌਰਕਸ਼ਾਇਰ ਦੀ ਵੇਕਫੀਲਡ ਜੇਲ੍ਹ ਵਿੱਚ ਰੱਖਿਆ ਗਿਆ ਸੀ। ਪਰ ਉਥੇ ਵੀ ਇਕ ਸਾਲ ਬਾਅਦ 29 ਜੁਲਾਈ 1978 ਨੂੰ ਉਸ ਨੇ ਆਪਣੀ ਪਤਨੀ ਦਾ ਕਤਲ ਕਰਨ ਵਾਲੇ ਸੰਨੀ ਦਰਵੁੱਡ ਨਾਂ ਦੇ ਅਪਰਾਧੀ ਦਾ ਕਤਲ ਕਰ ਦਿੱਤਾ। ਰੌਬਰਟ ਇੱਥੇ ਹੀ ਨਹੀਂ ਰੁਕਿਆ। ਉਸਨੇ ਇੱਕ ਹੋਰ ਅਪਰਾਧੀ ਬਿਲ ਰੌਬਰਟਸ ਨੂੰ ਵੀ ਮਾਰ ਦਿੱਤਾ, ਜਿਸਨੂੰ ਇੱਕ 7 ਸਾਲ ਦੀ ਬੱਚੀ ਨਾਲ ਬਲਾਤਕਾਰ ਕਰਨ ਦੇ ਦੋਸ਼ ਵਿੱਚ ਕੈਦ ਕੀਤਾ ਗਿਆ ਸੀ। ਦੋਵਾਂ ਨੂੰ ਮਾਰਨ ਤੋਂ ਬਾਅਦ, ਉਹ ਬੜੀ ਬੇਚੈਨੀ ਨਾਲ ਜੇਲ੍ਹ ਗਾਰਡਾਂ ਕੋਲ ਗਿਆ ਅਤੇ ਉਨ੍ਹਾਂ ਨੂੰ ਕਿਹਾ ਕਿ ਅੱਜ ਰਾਤ ਦੇ ਖਾਣੇ ਲਈ ਦੋ ਘੱਟ ਕੈਦੀ ਹੋਣਗੇ।

**ਅਜਿਹਾ ਲਗਦਾ ਹੈ ਜਿਵੇਂ ਉਹ ਨਰਕ ਵਿੱਚ ਬੰਦ ਹੈ - ਡਰੇਡ ਕੈਦੀ ਰੌਬਰਟ**

ਇੰਨੇ ਲੋਕਾਂ ਨੂੰ ਮਾਰਨ ਤੋਂ ਬਾਅਦ, ਰਾਬਰਟ ਨੂੰ ਦੂਜੇ ਕੈਦੀਆਂ ਨਾਲ ਰੱਖਣਾ ਅਸੁਰੱਖਿਅਤ ਮੰਨਿਆ ਜਾਂਦਾ ਸੀ। ਅਜਿਹੇ 'ਚ ਉਸ ਲਈ ਸ਼ੀਸ਼ੇ ਦੀ ਵਿਸ਼ੇਸ਼ ਜੇਲ ਬਣਾਉਣੀ ਸ਼ੁਰੂ ਕੀਤੀ ਗਈ ਅਤੇ ਜਦੋਂ 1983 'ਚ ਇਹ ਬਣ ਕੇ ਤਿਆਰ ਹੋ ਗਈ ਤਾਂ ਉਸ ਨੂੰ ਉਸ ਜੇਲ 'ਚ ਸ਼ਿਫਟ ਕਰ ਦਿੱਤਾ ਗਿਆ। ਉਸ ਨੇ ਇਕ ਵਾਰ ਜੇਲ੍ਹ ਵਿਚ ਰਹਿਣ ਦੇ ਆਪਣੇ ਤਜ਼ਰਬੇ ਬਾਰੇ ਕਿਹਾ ਸੀ ਕਿ ਉਸ ਨੂੰ ਅਜਿਹਾ ਮਹਿਸੂਸ ਹੋਇਆ ਜਿਵੇਂ ਉਹ ਨਰਕ ਵਿਚ ਬੰਦ ਹੋ ਗਿਆ ਹੋਵੇ। ਹੁਣ ਰਾਬਰਟ 71 ਸਾਲਾਂ ਦਾ ਹੈ ਅਤੇ ਉਸੇ ਜੇਲ੍ਹ ਵਿੱਚ ਕੈਦ ਹੈ।

# ਗੁਜਰਾਤ ਵਿੱਚ ਚੋਟੀ ਦੇ ਸਭ ਤੋਂ ਮਸ਼ਹੂਰ ਮਾਤਾ ਮੰਦਰ

ਹਿੰਦੂ ਦੇਵੀ ਨਰਮਦਾ ਮਾਤਾ ਨੂੰ ਸਮਰਪਿਤ, ਦੇਵੀ ਸ਼ਕਤੀ ਦਾ ਇੱਕ ਰੂਪ, ਇਹ ਮੰਦਰ ਭਰੂਚ ਸ਼ਹਿਰ ਵਿੱਚ ਸਥਿਤ ਹੈ। ਮੰਦਰ ਦੇ ਆਲੇ-ਦੁਆਲੇ ਰਹਿਣ ਵਾਲੇ ਸਥਾਨਕ ਲੋਕਾਂ ਦੁਆਰਾ ਸਭ ਤੋਂ ਮਹੱਤਵਪੂਰਨ ਪੂਜਾ ਸਥਾਨਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ, ਇਸ ਮੰਦਰ ਦਾ ਇਤਿਹਾਸ ਸਦੀਆਂ ਪਹਿਲਾਂ ਦਾ ਹੈ। ਮੰਦਿਰ ਦੀ ਸਭ ਤੋਂ ਵੱਧ ਧਿਆਨ ਖਿੱਚਣ ਵਾਲੀ ਵਿਸ਼ੇਸ਼ਤਾ ਇਸਦੀ ਗੁੰਝਲਦਾਰ ਨੱਕਾਸ਼ੀ, ਮੂਰਤੀਆਂ ਅਤੇ ਡਿਜ਼ਾਈਨ ਹਨ ਜੋ ਹਿੰਦੂ ਕਥਾਵਾਂ ਅਤੇ ਮਿਥਿਹਾਸ ਦੀਆਂ ਵੱਖ-ਵੱਖ ਉਦਾਹਰਣਾਂ ਨੂੰ ਦਰਸਾਉਂਦੀਆਂ ਹਨ। ਸ਼ਰਧਾਲੂ ਮੰਦਰ ਦਾ ਦੌਰਾ ਕਰਨ ਦਾ ਇੱਕ ਬਿੰਦੂ ਬਣਾਉਂਦੇ ਹਨ ਜਿੱਥੇ ਉਹ ਵਿਸ਼ਵਾਸ ਕਰਦੇ ਹਨ ਕਿ ਮਾਤਾ ਨਰਮਦਾ ਆਪਣੇ ਸ਼ਰਧਾਲੂਆਂ ਨੂੰ ਬਹੁਤ ਸਾਰੀ ਦੌਲਤ, ਸਿਹਤ ਅਤੇ ਖੁਸ਼ੀਆਂ ਨਾਲ ਅਸੀਸ ਦਿੰਦੀ ਹੈ।



ਪੰਚਮਹਾਲ ਜ਼ਿਲੇ ਵਿਚ ਪਾਵਾਗੜ੍ਹ ਦੀਆਂ ਪਹਾੜੀਆਂ ਨੂੰ ਦੇਖਦੇ ਹੋਏ, ਕਾਲਿਕਾ ਮਾਤਾ ਦਾ ਮੰਦਰ ਹਿੰਦੂ ਦੇਵੀ ਕਾਲੀ ਨੂੰ ਸਮਰਪਿਤ ਹੈ, ਜੋ ਕਿ ਸ਼ਕਤੀ ਦਾ ਇਕ ਰੂਪ ਹੈ। 10ਵੀਂ ਸਦੀ ਦੇ ਦੌਰਾਨ ਬਣਾਇਆ ਗਿਆ, ਇਹ ਮੰਦਿਰ ਸਥਾਨ ਹਮੇਸ਼ਾ ਹੀ ਤੀਰਥ ਸਥਾਨਾਂ ਦੀ ਮਹੱਤਤਾ ਦਾ ਪ੍ਰਮੁੱਖ ਸਥਾਨ ਰਿਹਾ ਹੈ। ਕਿਹੜੀ ਚੀਜ਼ ਇਸ ਮੰਦਰ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਉਂਦੀ ਹੈ ਉਹ ਹੈ ਹੇਠਾਂ ਦਿੱਤੀਆਂ ਸਾਈਟਾਂ ਦੇ ਵਿਸਤ੍ਰਿਤ ਦ੍ਰਿਸ਼। ਹਿੰਦੂ ਗ੍ਰੰਥਾਂ ਦੇ ਅਨੁਸਾਰ, ਦੇਵੀ ਮਹਾਕਾਲੀ ਨੇ ਇੱਕ ਸੁੰਦਰ ਔਰਤ ਦਾ ਰੂਪ ਧਾਰਨ ਕੀਤਾ ਸੀ ਅਤੇ ਨਵਰਾਤਰੀ ਗਰਬਾ ਸਮਾਗਮਾਂ ਵਿੱਚ ਹਿੱਸਾ ਲਿਆ ਸੀ। ਉਸ ਦੇ ਡਾਂਸ ਨੂੰ ਜੈਸਿੰਘ ਨੇ ਦੇਖਿਆ ਜੋ ਉਸ 'ਤੇ ਭੜਕ ਉੱਠਿਆ। ਇਸ ਦੇ ਨਤੀਜੇ ਵਜੋਂ ਕਾਲਿਕਾ ਮਾਤਾ ਨੇ ਉਸ ਨੂੰ ਸਰਾਪ ਦਿੱਤਾ ਅਤੇ ਜਲਦੀ ਹੀ ਉਸ ਦਾ ਸਾਰਾ ਰਾਜ ਨਸ਼ਟ ਹੋ ਗਿਆ। ਦੇਵੀ ਦੀ ਪੂਜਾ ਕਰਨ ਨਾਲ ਸ਼ਰਧਾਲੂਆਂ ਨੂੰ ਚੰਗੀ ਕਿਸਮਤ, ਬਲ ਅਤੇ ਸ਼ਕਤੀ ਮਿਲਦੀ ਹੈ।



ਗੌਰੀ ਸ਼ੰਕਰ ਮੰਦਰ, ਚਾਂਦਨੀ ਚੌਕ ਮੁੱਖ ਚਾਂਦਨੀ ਚੌਕ ਰੋਡ 'ਤੇ ਦਿਗੰਬਰ ਜੈਨ ਮੰਦਰ ਦੇ ਨੇੜੇ ਸਥਿਤ, ਗੌਰੀ ਸ਼ੰਕਰ ਮੰਦਰ ਭਗਵਾਨ ਸ਼ਿਵ ਦੀ ਪੂਜਾ ਕਰਦਾ ਹੈ। ਇਹ ਪ੍ਰਾਚੀਨ ਮੰਦਰ ਨਾ ਸਿਰਫ਼ ਸ਼ਰਧਾਲੂਆਂ ਨੂੰ ਦਿਲਾਸਾ ਦਿੰਦਾ ਹੈ ਬਲਕਿ ਇਸ ਨਾਲ ਕਈ ਦਿਲਚਸਪ ਕਹਾਣੀਆਂ ਜੁੜੀਆਂ ਹੋਈਆਂ ਹਨ। ਕਥਾਵਾਂ ਦੇ ਅਨੁਸਾਰ, ਇਹ ਧਾਰਮਿਕ ਸਥਾਨ ਇੱਕ ਮਰਾਠਾ ਸਿਪਾਹੀ ਦੁਆਰਾ ਬਣਾਇਆ ਗਿਆ ਸੀ ਜਿਸਨੇ ਇੱਕ ਮੰਦਰ ਬਣਾਉਣ ਦੀ ਸਹੁੰ ਖਾਧੀ ਸੀ ਜੇਕਰ ਉਹ ਮਹਾਨ ਲੜਾਈ ਵਿੱਚ ਬਚ ਜਾਂਦਾ ਹੈ। ਮੰਦਰ ਵਿੱਚ ਸਥਾਪਤ ਸ਼ਿਵ ਲਿੰਗ ਲਗਭਗ 800 ਸਾਲ ਪੁਰਾਣਾ ਹੈ। ਚਾਂਦੀ ਤੋਂ ਬਣੇ ਸੱਪ ਮੁੱਖ ਦੇਵਤੇ ਨੂੰ ਘੇਰਦੇ ਹਨ ਅਤੇ ਬ੍ਰਹਿਮੰਡ ਦੇ ਕੇਂਦਰ ਨੂੰ ਦਰਸਾਉਂਦੇ ਹਨ। ਸ਼ਿਵ ਲਿੰਗ ਦੇ ਬਿਲਕੁਲ ਉੱਪਰ ਇੱਕ ਛੋਟਾ ਜਿਹਾ ਭਾਂਡਾ ਹੈ ਜਿੱਥੋਂ ਪਾਣੀ ਦੀਆਂ ਬੂੰਦਾਂ ਟਪਕਦੀਆਂ ਰਹਿੰਦੀਆਂ ਹਨ। ਭਗਵਾਨ ਸ਼ਿਵ ਤੋਂ ਇਲਾਵਾ, ਦੇਵੀ ਪਾਰਵਤੀ ਅਤੇ ਉਨ੍ਹਾਂ ਦੇ ਦੋ ਪੁੱਤਰਾਂ, ਗਣੇਸ਼ ਅਤੇ ਕਾਰਤੀਕੇਯ ਦੀਆਂ ਮੂਰਤੀਆਂ ਮਿਲੀਆਂ ਹਨ। ਗੌਰੀ ਅਤੇ ਸ਼ੰਕਰ ਦੀਆਂ ਮੂਰਤੀਆਂ ਸੋਨੇ ਦੇ ਗਹਿਣਿਆਂ ਵਿੱਚ ਸਜੀਆਂ ਹੋਈਆਂ ਹਨ ਅਤੇ ਸ਼ਿਵ ਲਿੰਗ ਦੇ ਪਿੱਛੇ ਇੱਕ ਚਾਂਦੀ ਦੀ ਛੱਤ ਹੇਠ ਖੜ੍ਹੀਆਂ ਹਨ। 1959 ਵਿੱਚ, ਸੇਠ ਜੈਪੁਰਾ ਦੁਆਰਾ ਇਸ ਪਵਿੱਤਰ ਭੂਮੀ ਦੀ ਮੁਰੰਮਤ ਕੀਤੀ ਗਈ ਸੀ ਅਤੇ ਉਸਦਾ ਨਾਮ ਮੰਦਰ ਕੰਪਲੈਕਸ ਵਿੱਚ ਉੱਕਰਿਆ ਹੋਇਆ ਹੈ।



ਰੁਕਮਣੀ ਦੇਵੀ ਮੰਦਿਰ ਦਵਾਰਕਾ ਵਿੱਚ ਪਵਿੱਤਰ ਸ਼ਹਿਰ ਅਤੇ ਭਗਵਾਨ ਕ੍ਰਿਸ਼ਨ ਦੇ ਆਖਰੀ ਰਾਜ ਵਿੱਚ ਸਥਿਤ ਹੈ। ਜਿਵੇਂ ਕਿ ਨਾਮ ਤੋਂ ਪਤਾ ਲੱਗਦਾ ਹੈ ਕਿ ਇਹ ਮੰਦਰ ਭਗਵਾਨ ਕ੍ਰਿਸ਼ਨ ਦੀ ਪਤਨੀ ਰੁਕਮਣੀ ਨੂੰ ਸਮਰਪਿਤ ਹੈ, ਜਿਸ ਨੂੰ ਹਿੰਦੂ ਦੇਵੀ ਲਕਸ਼ਮੀ ਦਾ ਰੂਪ ਵੀ ਮੰਨਿਆ ਜਾਂਦਾ ਹੈ। ਇਹ ਮੰਦਰ ਦੇਸ਼ ਦੇ ਸਭ ਤੋਂ ਮਹੱਤਵਪੂਰਨ ਕ੍ਰਿਸ਼ਨ ਤੀਰਥ ਸਥਾਨਾਂ ਵਿੱਚੋਂ ਇੱਕ ਦੀ ਸ਼੍ਰੇਣੀ ਵਿੱਚ ਆਉਂਦਾ ਹੈ। ਕਥਾਵਾਂ ਦੇ ਅਨੁਸਾਰ, ਭਗਵਾਨ ਕ੍ਰਿਸ਼ਨ ਆਪਣੇ ਵਿਆਹ ਵਾਲੇ ਦਿਨ ਮਾਤਾ ਰੁਕਮਣੀ ਨੂੰ ਚੁੱਕ ਕੇ ਲੈ ਗਏ ਸਨ ਅਤੇ ਉਸ ਦਾ ਵਿਆਹ ਉਸੇ ਸਥਾਨ 'ਤੇ ਕੀਤਾ ਸੀ ਜਿੱਥੇ ਇਸ ਸਮੇਂ ਮੰਦਰ ਖੜ੍ਹਾ ਹੈ। ਮਾਤਾ ਦਾ ਆਸ਼ੀਰਵਾਦ ਲੈਣ ਵਾਲੇ ਸ਼ਰਧਾਲੂ ਅਤੇ ਵਿਸ਼ਵਾਸੀ ਧਨ, ਖੁਸ਼ਹਾਲੀ ਅਤੇ ਖੁਸ਼ਹਾਲੀ ਨਾਲ ਨਿਵਾਜਦੇ ਹਨ।

ਮੇਲਦੀ ਮਾਤਾ ਹਿੰਦੂ ਦੇਵੀ ਦੁਰਗਾ ਦਾ ਇੱਕ ਰੂਪ ਹੈ ਅਤੇ ਉਸਦਾ ਮੰਦਰ ਸੂਰਤ ਸ਼ਹਿਰ ਵਿੱਚ ਸਥਿਤ ਹੈ। ਇਹ ਵਿਆਪਕ ਤੌਰ 'ਤੇ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਮੇਲਦੀ ਮਾਤਾ ਦੀ ਪੂਜਾ ਕਰਨ ਨਾਲ ਸ਼ਰਧਾਲੂ ਜੋ ਵੀ ਚਾਹੁੰਦੇ ਹਨ ਉਹ ਪ੍ਰਾਪਤ ਕਰਨਗੇ। ਮੇਲਡੀ ਮਾਤਾ ਨੂੰ ਮਾਂ ਪਾਰਵਤੀ ਦੇ ਪ੍ਰਗਟਾਵੇ ਵਜੋਂ ਵੀ ਜਾਣਿਆ ਜਾਂਦਾ ਹੈ ਜੋ ਆਪਣੇ ਸ਼ਰਧਾਲੂਆਂ ਨੂੰ ਬੁਰਾਈਆਂ ਅਤੇ ਬਦਕਿਸਮਤੀ ਤੋਂ ਬਚਾਉਂਦੀ ਹੈ। ਕਈ ਲੋਕਾਂ ਨੇ ਇਹ ਵੀ ਕਿਹਾ ਹੈ ਕਿ ਉਹ ਰੋਗਾਂ ਤੋਂ ਮੁਕਤ ਹੋ ਜਾਂਦੇ ਹਨ ਅਤੇ ਗਿਆਨ, ਸਫਲਤਾ ਅਤੇ ਧਨ ਪ੍ਰਾਪਤ ਕਰਦੇ ਹਨ। ਮੰਦਰ ਖਾਸ ਤੌਰ 'ਤੇ ਨਵਰਾਤਰੀ ਦੇ ਮੌਸਮ ਦੌਰਾਨ ਭਰਿਆ ਹੁੰਦਾ ਹੈ ਜਦੋਂ ਦੁਨੀਆ ਭਰ ਤੋਂ ਮਾਤਾ ਦੇ ਸ਼ਰਧਾਲੂ ਮੰਦਰ ਵੱਲ ਜਾਂਦੇ ਹਨ ਅਤੇ ਇਹ ਦੇਖਣ ਲਈ ਕਾਫੀ ਨਜ਼ਾਰਾ ਹੈ।





ਅੰਬਾਜੀ ਮਾਤਾ ਮੰਦਿਰ ਗੁਜਰਾਤ ਦੇ ਬਨਾਸਕਾਂਠਾ ਜ਼ਿਲ੍ਹੇ ਦੇ ਅੰਬਾਜੀ ਸ਼ਹਿਰ ਵਿੱਚ ਸਥਿਤ ਇੱਕ ਪ੍ਰਮੁੱਖ ਸ਼ਕਤੀ ਪੀਠ ਹੈ। ਮਾਂ ਦੁਰਗਾ ਦੇ ਦੇਵੀ ਅੰਬੇ ਪ੍ਰਗਟਾਵੇ ਨੂੰ ਸਮਰਪਿਤ, ਇਹ ਮੰਦਰ 14ਵੀਂ ਸਦੀ ਦੌਰਾਨ ਵੱਲਭ ਰਾਜਵੰਸ਼ ਦੇ ਰਾਜਾ ਅਰੁਣ ਸੇਨ ਦੀ ਪਹਿਲਕਦਮੀ ਹੇਠ ਹੋਂਦ ਵਿੱਚ ਆਇਆ ਸੀ। ਪਵਿੱਤਰ ਹਿੰਦੂ ਗ੍ਰੰਥਾਂ ਦੇ ਅਨੁਸਾਰ, ਮੰਦਰ ਉਸ ਥਾਂ 'ਤੇ ਬਣਾਇਆ ਗਿਆ ਹੈ ਜਿੱਥੇ ਦੇਵੀ ਸਤੀ ਦਾ ਦਿਲ ਡਿੱਗਿਆ ਸੀ। ਮੰਦਿਰ ਹਰੇ ਭਰੇ ਜੰਗਲਾਂ ਅਤੇ ਸੁੰਦਰਤਾ ਨਾਲ ਘਿਰਿਆ ਹੋਇਆ ਹੈ ਜੋ ਇੱਥੇ ਆਉਣਾ ਸੱਚਮੁੱਚ ਯੋਗ ਬਣਾਉਂਦਾ ਹੈ।



ਭਾਵਨਗਰ ਜ਼ਿਲ੍ਹੇ ਵਿੱਚ ਸਥਿਤ ਇਹ ਮੰਦਰ ਕਨਕਾਈ ਮਾਤਾ ਨੂੰ ਸਮਰਪਿਤ ਹੈ ਅਤੇ ਖੇਤਰ ਦੇ ਸਭ ਤੋਂ ਪੁਰਾਣੇ ਮੰਦਰਾਂ ਵਿੱਚੋਂ ਇੱਕ ਹੈ। ਸਭ ਤੋਂ ਪਵਿੱਤਰ ਅਸਥਾਨਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ, ਇਹ ਮੰਦਰ ਰਾਜਾ ਭਾਵਦੇਵ ਦੁਆਰਾ ਬਣਾਇਆ ਗਿਆ ਸੀ। ਇਹ ਅਨੋਖਾ ਮੰਦਰ ਗਿਰ ਦੇ ਸੰਘਣੇ ਜੰਗਲਾਂ ਦੇ ਵਿਚਕਾਰ ਸਥਿਤ ਹੈ ਅਤੇ ਕੁਦਰਤੀ ਮਾਹੌਲ ਦੇ ਵਿਚਕਾਰ ਇੱਕ ਮਜ਼ੇਦਾਰ ਦੌਰਾ ਕਰਦਾ ਹੈ। ਪ੍ਰਾਰਥਨਾ ਕਰਨ ਦੇ ਨਾਲ, ਤੁਸੀਂ ਵੱਖ-ਵੱਖ ਹਿਰਨ, ਮੋਰ ਆਦਿ ਨੂੰ ਵੀ ਦੇਖ ਸਕਦੇ ਹੋ। ਪਰਿਵਾਰਕ ਛੁੱਟੀ ਦੇ ਪੂਰੇ ਦਿਨ ਲਈ ਸੰਪੂਰਨ ਸਥਾਨ।



ਜੋਗਨੀ ਮਾਤਾ ਦਾ ਬਹੁਤ ਹੀ ਸਤਿਕਾਰਯੋਗ ਮੰਦਰ ਅਹਿਮਦਾਬਾਦ ਸ਼ਹਿਰ ਵਿੱਚ ਸਥਿਤ ਹੈ। ਮੰਦਰ ਦੀ ਪ੍ਰਧਾਨ ਦੇਵਤਾ ਚਾਮੁੰਡਾ ਮਾਤਾ ਦੀ ਭਿਆਨਕ ਯੋਧਾ ਦੇਵੀ ਦੀ ਸਹਾਇਕ ਹੈ। ਦੇਵੀ ਨੂੰ ਸ਼ਰਧਾਂਜਲੀ ਦੇਣ ਲਈ, ਮੇਹਸਾਣਾ ਦੇ ਪਲੋਦਰ ਪਿੰਡ ਵਿੱਚ 2 ਦਿਨ ਦਾ ਮੇਲਾ ਲੱਗਦਾ ਹੈ। ਇਸ ਮੇਲੇ ਵਿੱਚ ਰਾਜ ਭਰ ਤੋਂ ਸ਼ਰਧਾਲੂ ਸ਼ਾਮਲ ਹੁੰਦੇ ਹਨ ਜੋ ਸਥਾਨਕ ਲੋਕਾਂ ਦੇ ਸੱਭਿਆਚਾਰ ਅਤੇ ਪਰੰਪਰਾਵਾਂ ਨੂੰ ਦਰਸਾਉਂਦੇ ਹਨ।



ਮਹਿਸਾਣਾ ਜ਼ਿਲੇ ਦੇ ਨੇੜੇ ਹਿੰਗਲਾਜਪੁਰਾ ਪਿੰਡ ਵਿਚ ਸਥਿਤ, ਹਿੰਗਲਾਜ ਮਾਤਾ ਦਾ ਮੰਦਰ ਨਾ ਸਿਰਫ ਮਹੱਤਵਪੂਰਨ ਹੈ, ਬਲਕਿ ਇਹ ਗੁਜਰਾਤ ਦੇ ਸਭ ਤੋਂ ਸੁੰਦਰ ਮੰਦਰਾਂ ਵਿਚੋਂ ਇਕ ਹੈ। ਇਹ ਸ਼ਕਤੀਸ਼ਾਲੀ ਸ਼ਕਤੀਪੀਠ ਉਹ ਸਥਾਨ ਹੈ ਜਿੱਥੇ ਮਾਤਾ ਸਤੀ ਦਾ ਸਿਰ ਡਿੱਗਿਆ ਸੀ। ਇੱਥੇ ਬਹੁਤ ਸਾਰੇ ਪੁਰਾਤਨ ਲਿਖਤੀ ਰਿਕਾਰਡ ਅਤੇ ਮਿਥਿਹਾਸ ਹਨ ਜੋ ਇਸ ਮੰਦਰ ਨੂੰ ਇਸਦੀ ਮੌਜੂਦਾ ਜਗ੍ਹਾ 'ਤੇ ਰੱਖਦੇ ਹਨ ਜੋ ਇਸਨੂੰ ਬਹੁਤ ਪੁਰਾਣਾ ਬਣਾਉਂਦੇ ਹਨ। ਪ੍ਰਧਾਨ ਦੇਵਤਾ ਦੀ ਮੂਰਤੀ ਹਿੰਗਲਾਜ ਮਾਤਾ ਦੀ ਹੈ, ਜੋ ਮਾਤਾ ਸ਼ਕਤੀ ਦਾ ਪ੍ਰਗਟਾਵਾ ਹੈ ਅਤੇ ਦੁਨੀਆ ਭਰ ਦੇ ਵਿਸ਼ਵਾਸੀਆਂ ਦੁਆਰਾ ਦਰਸ਼ਨ ਕੀਤੇ ਜਾਂਦੇ ਹਨ। ਸ਼ਕਤੀਪੀਠ ਹੋਣ ਕਰਕੇ ਇਹ ਮੰਦਰ ਸ਼ਕਤੀ ਵਿਸ਼ਵਾਸੀਆਂ ਵਿੱਚ ਇੱਕ ਪ੍ਰਮੁੱਖ ਤੀਰਥ ਸਥਾਨ ਹੈ।

ਉਂਝਾ ਸ਼ਹਿਰ ਵਿੱਚ ਸਥਿਤ, ਜਿਵੇਂ ਕਿ ਨਾਮ ਤੋਂ ਪਤਾ ਲੱਗਦਾ ਹੈ, ਇਹ ਮੰਦਰ ਉਮੀਆ ਮਾਤਾ ਨੂੰ ਸਮਰਪਿਤ ਹੈ। ਦੇਵੀ ਪਾਰਵਤੀ ਦੇ ਰੂਪ ਵਜੋਂ ਪੂਜਾ ਕੀਤੀ ਜਾਂਦੀ ਹੈ, ਇਹ ਮੰਦਰ ਖੇਤਰ ਦੇ ਪ੍ਰਮੁੱਖ ਤੀਰਥ ਸਥਾਨਾਂ ਵਿੱਚੋਂ ਇੱਕ ਹੈ। ਉਮੀਆ ਮਾਤਾ ਕੜਵਾ ਪਾਟੀਦਾਰ ਭਾਈਚਾਰੇ ਦੀ ਪ੍ਰਧਾਨ ਦੇਵਤਾ ਹੈ ਅਤੇ ਦੇਵੀ ਕਾਲੀ, ਲਕਸ਼ਮੀ ਦੇ ਨਾਲ-ਨਾਲ ਸਰਸਵਤੀ ਦਾ ਸਮੂਹਿਕ ਰੂਪ ਹੈ। ਥਾਈ ਸ਼ਾਨਦਾਰ ਮੰਦਿਰ ਨੂੰ ਭਗਵਾਨ ਸ਼ਿਵ ਦੁਆਰਾ ਬਣਾਇਆ ਗਿਆ ਮੰਨਿਆ ਜਾਂਦਾ ਹੈ ਅਤੇ ਇੱਥੇ ਦੇਵਤਾ ਨੂੰ ਸ਼ਕਤੀ ਦਾਤਾ ਦੇ ਰੂਪ ਵਿੱਚ ਬਹੁਤ ਉੱਚੇ ਸਤਿਕਾਰ ਵਿੱਚ ਰੱਖਿਆ ਜਾਂਦਾ ਹੈ।



ਚੋਟੀਲਾ ਪਿੰਡ ਵਿੱਚ ਸਥਿਤ, ਮਾਂ ਚਾਮੁੰਡਾ ਦੇਵੀ ਗੁਜਰਾਤ ਵਿੱਚ ਸ਼ਕਤੀ ਪੂਜਾ ਦਾ ਇੱਕ ਮਹੱਤਵਪੂਰਨ ਸਥਾਨ ਹੈ। ਚਾਮੁੰਡਾ ਮਾਤਾ ਆਦਿ ਸ਼ਕਤੀ ਦਾ ਕ੍ਰੋਧਿਤ, ਕ੍ਰੋਧਿਤ ਅਤੇ ਭਿਆਨਕ ਰੂਪ ਹੈ ਜਿਸ ਨੂੰ ਕਿਹਾ ਜਾਂਦਾ ਹੈ ਕਿ ਚੰਦ ਅਤੇ ਮੁੰਡਾ ਰਾਕਸ਼ਾਂ ਨੂੰ ਨਸ਼ਟ ਕਰਕੇ ਬ੍ਰਹਿਮੰਡ ਨੂੰ ਤਬਾਹ ਕਰ ਦਿੱਤਾ ਹੈ। ਮੰਦਿਰ ਆਪਣੀ ਸੁੰਦਰ ਆਰਕੀਟੈਕਚਰ ਅਤੇ ਗੁੰਝਲਦਾਰ ਨੱਕਾਸ਼ੀ ਲਈ ਜਾਣਿਆ ਜਾਂਦਾ ਹੈ। ਮੰਦਰ ਇੱਕ ਪਹਾੜੀ ਦੇ ਸਿਖਰ 'ਤੇ ਰੱਖਿਆ ਗਿਆ ਹੈ ਜੋ ਆਲੇ ਦੁਆਲੇ ਅਤੇ ਹੇਠਾਂ ਘਾਟੀ ਦੇ ਸ਼ਾਨਦਾਰ ਦ੍ਰਿਸ਼ ਪੇਸ਼ ਕਰਦਾ ਹੈ। ਸੋਲੰਕੀ ਰਾਜਵੰਸ਼ ਦੇ ਰਾਜ ਦੌਰਾਨ ਬਣਾਇਆ ਗਿਆ, ਇਹ ਮੰਦਰ ਰਾਜ ਵਿੱਚ ਇੱਕ ਪ੍ਰਮੁੱਖ ਤੀਰਥ ਸਥਾਨ ਹੈ।



ਭਰੂਚ ਜ਼ਿਲ੍ਹੇ ਵਿੱਚ ਸਥਿਤ, ਮਾਤੰਗੀ ਦਾ ਸ਼ਾਨਦਾਰ ਮੰਦਰ ਆਪਣੇ ਆਪ ਨੂੰ ਦੇਵੀ ਮਾਤੰਗੀ ਨੂੰ ਸਮਰਪਿਤ ਹੈ। ਸਪੱਸ਼ਟ ਆਰਕੀਟੈਕਚਰਲ ਅਜੂਬਾ ਜੋ ਪਹਿਲੀ ਨਜ਼ਰ 'ਤੇ ਮਨਮੋਹਕ ਹੈ ਸੋਲੰਕੀ ਰਾਜਵੰਸ਼ ਦੇ ਸ਼ਾਸਨ ਦੌਰਾਨ ਬਣਾਇਆ ਗਿਆ ਸੀ। ਸ਼ੁੱਧ ਅਧਿਆਤਮਿਕਤਾ ਦੇ ਨਾਲ-ਨਾਲ ਇਹ ਮੰਦਰ ਆਪਣੇ ਸ਼ਾਂਤ ਵਾਤਾਵਰਣ, ਸੁਚਾਰੂ ਅਤੇ ਚੰਗੀ ਤਰ੍ਹਾਂ ਸੰਭਾਲੇ ਹੋਏ ਬਗੀਚਿਆਂ ਅਤੇ ਸ਼ਾਂਤੀਪੂਰਨ ਮਾਹੌਲ ਲਈ ਵੀ ਜਾਣਿਆ ਜਾਂਦਾ ਹੈ। ਇਸ ਦੀ ਸਹਿਜਤਾ ਸਿਰਫ਼ ਸਥਾਨਕ ਸ਼ਰਧਾਲੂਆਂ ਨੂੰ ਹੀ ਨਹੀਂ ਬਲਕਿ ਦੁਨੀਆ ਭਰ ਦੇ ਸ਼ਰਧਾਲੂਆਂ ਨੂੰ ਵੀ ਆਕਰਸ਼ਿਤ ਕਰਦੀ ਹੈ। ਇਹ ਮੰਦਰ ਵਿਆਹ ਦੇ ਸੀਜ਼ਨ ਦੌਰਾਨ ਸਮੂਹਿਕ ਵਿਆਹ ਸਮਾਗਮਾਂ ਦੀ ਮੇਜ਼ਬਾਨੀ ਲਈ ਵੀ ਜਾਣਿਆ ਜਾਂਦਾ ਹੈ।




ਕਟੜਾ, ਜੰਮੂ ਵਿੱਚ ਵੈਸ਼ਨੋ ਦੇਵੀ ਮੰਦਰ ਕਿਸੇ ਜਾਣ-ਪਛਾਣ ਦੀ ਲੋੜ ਨਹੀਂ ਹੈ। ਇਹ ਭਾਰਤ ਵਿੱਚ ਸਭ ਤੋਂ ਮਹੱਤਵਪੂਰਨ ਸ਼ਕਤੀਪੀਠਾਂ ਵਿੱਚੋਂ ਇੱਕ ਹੈ ਅਤੇ ਸਾਰਾ ਸਾਲ ਸ਼ਰਧਾਲੂਆਂ ਦੀ ਭੀੜ ਨੂੰ ਆਕਰਸ਼ਿਤ ਕਰਨ ਦਾ ਪ੍ਰਬੰਧ ਕਰਦਾ ਹੈ। ਇਸੇ ਨਾਮ ਨਾਲ, ਗੁਜਰਾਤ ਦਾ ਵੈਸ਼ਨੋ ਦੇਵੀ ਮੰਦਿਰ ਜੰਮੂ ਦੇ ਮੂਲ ਵੈਸ਼ਨੋ ਦੇਵੀ ਮੰਦਿਰ ਦੀ ਸਟੀਕ ਪ੍ਰਤੀਰੂਪ ਹੈ। ਇਹ ਮੰਦਰ ਸਰਖੇਜ ਅਤੇ ਗਾਂਧੀਨਗਰ ਦੇ ਵਿਚਕਾਰ ਚੱਲਣ ਵਾਲੇ ਹਾਈਵੇਅ 'ਤੇ ਸਥਿਤ ਹੈ। ਅਸਲ ਵੈਸ਼ਨੋ ਮਾਤਾ ਮੰਦਿਰ ਨਾਲ ਇਸਦੀ ਸਮਾਨਤਾ ਅਨੋਖੀ ਹੈ ਪਰ ਜੰਮੂ ਵੈਸ਼ਨੋ ਦੇਵੀ ਮੰਦਿਰ ਦੇ ਉਲਟ, ਇਹ ਸਰਕਟ ਅਤੇ ਦਰਸ਼ਨ ਸਿਰਫ ਦੋ ਘੰਟਿਆਂ ਵਿੱਚ ਪੂਰਾ ਕੀਤਾ ਜਾ ਸਕਦਾ ਹੈ।

